ALL STAR DRIVING SCHOOL
$10.00 ਪੰਜਾਬੀ ਗਾਈਡ ਇਥੇ ਮਿਲਦੀ ਹੈ
ਬੀਬੀਆਂ ਅਤੇ ਭੈਣਾਂ ਲਈ ਲੇਡੀ ਇੰਸਟਰਕਟਰ
KNOWLEDGE & DRIVING TESTS DONE HERE
24620 MILITARY RD S, KENT, WA 98032
Ph: 253-852-1996
WA STATE APPROVED SINCE 2004 www.allstardrivingschool.info

KALER TAX AND ACCOUNT LLC
Harjinder S. Kaler 206.551.6666
Personal And Business Tax Filling, 1099, W2 Immigration, Passport, Visa And Petition, Business Start, Obama Health Care Broker And All Other Applications Services
10618 SE 240 ST, SUITE 204, KENT, WA 98031 kalertax@gmail.com

ACCURATE ACCOUNTS AND TAXES
Contact For Business Accounting
Payroll
Tax Filling
Book Keeping
Other Paper Work
Immigration Consultancy
New Business Setup
Services
MOHINDER S. SOHAL
Cell: 206-841-1431
Buss: 253-520-8886
Email:mssohal@yahoo.com



ਕਨੇਡਾ ਅਤੇ ਅਮਰੀਕਾ ਵਿਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਹਰਮਨ ਪਿਆਰਾ ਪੰਜਾਬੀ ਹਫਤਾਵਾਰੀ ਅਖ਼ਬਾਰ

# ਪੰਜਾਬ ਗਾਰਡੀਅਨ

ਆਓ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਈਏ

# PUNJAB GUARDIAN

B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
USA Greater Seattle, Everett, Marysville Portland, Bellingham, Belivue, Lyndon, Lynwood
sales@punjabguardian.com
www.punjabguardian.com
Tel: 604-590-5200 Fax:604-596-5700 Toll Free: 1-877-584-5200 Vol. 32, Issue No. 47, Ending Date:Nov 21, 2025



LOAN FACTORY
COMMERCIAL AND RESIDENTIAL LOANS
30Yr Fixed/Arm
SBA Loans
Bank Statement
Profit and Loss only
Construction Loans
Line of Credit
Jasdeep Singh
Loan Officer
Cell: 253-223-3717


# ਸਿੱਖ ਕੌਮ ਵੱਲੋਂ 'ਨਸਲਕੁਸ਼ੀ ਵਿਰੁੱਧ ਮੁਹਿੰਮ' ਨੇ ਲੱਖਾਂ ਜਾਨਾਂ ਬਚਾਈਆਂ

## ਸਿੱਖ ਕੌਮ ਨੇ ਸਰੀ ਵਿੱਚ 7-8 ਨਵੰਬਰ ਨੂੰ ਰਿਕਾਰਡ ਤੋੜ ਖੂਨ ਦਾਨ ਕੀਤਾ




ਸਰੀ:ਇਹ ਇੱਕ ਰਿਕਾਰਡ ਕਿ ਸਿੱਖ ਕੌਮ ਨੇ ਖੁਨਦਾਨ ਕਰਕੇ ਦੁਨੀਆਂ ਭਰ ਵਿੱਚ ਲੱਖਾਂ ਜਾਨਾ ਬਚਾ ਦਿੱਤੀਆਂ ਹਨ।ਸਿੱਖ ਨਸਲਕੁਸ਼ੀ ਨਵੰਬਰ 1984 ਦੀ ਯਾਦ ਵਿੱਚ ਖ਼ੂਨਦਾਨ ਮੁਹਿੰਮ 1999 ਤੋਂ ਅਰੰਭ ਹੋਈ ਸੀ ਜੋ ਹੁਣ ਆਪਣੇਂ 27ਵੇਂ ਸਾਲ ਵਿੱਚ ਪਹੁੰਚ ਚੁੱਕੀ ਹੈ।ਨਵੰਬਰ ਦੇ ਮਹੀਨੇ ਸਿੱਖ ਕੌਮ ਦੀ ਭਾਰਤ ਵਿੱਚ ਹੋਈ ਆਪਣੀਂ ਨਸਲਕੁਸ਼ੀ ਨੂੰ ਯਾਦ ਕਰਦੇ ਹੋਏ ਸਿੱਖ ਆਪ ਮੁਹਾਰੇ ਖੁਨਦਾਨ ਕਰਨ ਲਈ ਚੱਲ ਪੈਂਦੇ ਹਨ ਅਤੇ ਸੰਸਾਰ ਨੂੰ ਇਹ ਸੁਨੇਹਾ ਦਿੰਦੇ ਹਨ ਕਿ ਸਿੱਖ ਕੌਮ ਜਾਨਾ ਬਚਾਉਂਣ ਵਾਲੀ ਕੌਮ ਹੈ ਇਹ ਸੁਨੇਹਾ ਹੁਣ ਦੁਨੀਆਂ ਭਰ ਵਿੱਚ ਪਹੁੰਚ ਚੁੱਕਾ ਹੈ।ਸਰੀ ਵਿੱਚ 7 ਅਤੇ 8 ਨਵੰਬਰ ਨੂੰ ਸੈਂਕੜੇ ਨੌਜਵਾਨਾ ,ਬੀਬੀਆਂ ਨੇ ਕਲੋਵਰਡੇਲ ਰੀਕਰੇਸ਼ਨ ਸੈਂਟਰ ਵਿੱਚ ਪਹੁੰਚ ਕੇ ਖੂਨਦਾਨ ਕੀਤਾ।ਵਲੰਟਰੀਅਰ ਵੀਰਾਂ ਨੇ ਬਹੁਤ ਵੀ ਵਧੀਆ ਪ੍ਰਬੰਧ ਕੀਤਾ ਹੋਇਆ ਸੀ।ਖਾਣ ਪੀਣ ਲਈ ਬਹੁਤ ਹੀ ਸੁਆਦਲੇ ਭੋਜਨ ਦਾ ਪ੍ਰਬੰਧ ਅਤੇ ਖੁਨਦਾਨ ਕਰਨ ਆਏ ਵੀਰਾਂ ਭੈਣਾਂ ਦਾ ਮਹਿਮਾਨਾ ਦੀ ਤਰਾਂ ਸਵਾਗਤ ਕੀਤਾ ਗਿਆ।ਸਰੀ ਦੀ ਮੇਅਰ ਬਰਿੰਡਾ ਲੌਕ ਆਪਣੇ ਹੋਰ ਸਾਥੀਆਂ ਨਾਲ ਵਿਸ਼ੇਸ਼ ਤੌਰ ਤੇ ਪਹੁੰਚੀ ਤੇ ਵਲੰਟਰੀਅਰਜ਼ ਦਾ ਧੰਨਵਾਦ ਕੀਤਾ।ਜਿਨੇ ਆਰਗੇਨਾਈਜ਼ ਢੰਗ ਨਾਲ ਮੁਹਿੰਮ ਚਲ ਰਹੀ ਸੀ ਉਸਦੀ ਤਾਰੀਫ ਕਰਨੋ ਨਾ ਰਹਿ ਸਕੀ।ਮੁਹਿੰਮ ਦੇ ਵਲੰਰੀਅਰਜ਼ ਨੇ ਦੱਸਿਆ ਕਿ 14 -15 ਅਤੇ 29 ਨਵੰਬਰ ਨੂੰ ਐਬਟਸਫੋਰਡ ਵਿੱਚ ਖੂਨਦਾਨ ਮੁਹਿੰਮ ਚਲੇਗੀ।ਨਾਰਥ ਵੈਨਕੂਵਰ ਵਿੱਚ ਵੀ 29 ਨਵੰਬਰ ਨੂੰ ਮੁਹਿੰਮ ਚਲੇਗੀ।ਕਲੋਵਰਡੇਲ ਦੇ ਰੀਕਰੇਸ਼ਨ ਸੈਂਟਰ ਵਿਖੇ ਬਹੁਤ ਸਾਰੇ ਸਿੱਖਾਂ ਦੀ ਦੂਨਦਾਨ ਕਰਨ ਦੀ ਵਾਰੀ ਨਹੀਂ ਆਈ ਉਹ ਹੁਣ ਕਵਾਟਿਲਨ ਯੂਨੀਵਰਸਿਟੀ ਸਰੀ ਵਿੱਚ 22 ਨਵੰਬਰ ਨੂੰ ਖ਼ੂਨ ਦਾਨ ਕਰਨਗੇ।

'ਬਲੱਡ ਡੋਨੇਸ਼ਨ ਵੱਲੋਂ ਸਿੱਖ ਨੇਸ਼ਨ' ਦੇ ਵਲੰਟੀਅਰਜ਼ ਨੇ 'ਪੰਜਾਬ ਗਾਰਡੀਅਨ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਈ ਪੱਤਰਕਾਰ ਜਾਂ ਆਗੂ ਇਸ ਮੁਹਿੰਮ ਨੂੰ ਕਿਸੇ ਸੰਸਥਾ ਨਾਲ ਜੋੜ ਦਿੰਦੇ ਹਨ ਪਰ ਇਹ ਸਿੱਖ ਕੌਮ ਦੀ ਸਾਂਝੀ ਮੁਹਿੰਮ ਹੈ ਇਸ ਵਿੱਚ ਸੇਵਾ ਕਰਨ ਵਾਲੇ ਵੀਰ ਕੋਈ ਸੰਸਥਾ ਨਹੀਂ

(ਬਾਕੀ ਸਫਾ ਏ-14 ਤੇ)


Real Estate in Seattle Area
ਸਿਆਟਲ ਏਰੀਏ 'ਚ ਘਰ ਅਤੇ ਬਿਜ਼ਨਸ ਲੈਣ ਲਈ ਅੱਜ ਹੀ ਸੰਪਰਕ ਕਰੋ
Residential & Commercial
• Multifamily Units & Apartments
• Notary Service
For Honest, Friendly & Best Service, Call
Sarbjit Singh Saab
Realtor (MLS, CBA)
Ph: 206.255.0101
ਅਸੀਂ ਵਧੀਆ Interest Rate ਅਤੇ ਘੱਟ ਤੋਂ ਘੱਟ Closing Cost ਦੀ ਗਰੰਟੀ ਦਿੰਦੇ ਹਾਂ।

HOME TRUST FINANCIAL
HOME TRUST
Cell:206-391-2630
Email:harmandeep.grover@hometrustloans.com
Web:www.hometrustloans.com
#215-3rd Ave, Kirkland, WA 98033
Harmandeep Grover

ਸਿਆਟਲ ਨਿਵਾਸੀਆਂ ਦਾ ਜਾਣਿਆ ਪਹਿਚਾਣਿਆ ਤੇ ਭਰੋਸੇਮੰਦ
USA TRAVEL
24 Hr Emergency Call 206-992-2724
23609 104th Ave SE #103, Kent
Ph: 253-867-0450, 253-867-0451
1729 208th St Suite #202, Bothell
Ph: 425-420-1888 , 425-420-1889

Over 30 Years of Industry Experience
MULTANI LAW GROUP
ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ
Jashan Multani 206-243-4219
Gerald F. Robison Senior Attorney
Jashan Multani Associate Partner
Services we provide:
-Immigration/Political Asylum
U-Visa, Vawa
-SIJ Guardianship Cases
- Personal Injury/Car Accidents
- Evictions
Website:multanilawgroup.com
Email:Jashan@multanilawgroup.com
Add: 512 West Meeker St, Kent, WA 98032

ਸਿਆਟਲ ਵਿਚ ਲਿਨਵੁਡ, ਐਵਰਟ, ਕੈਂਟ, ਮੈਰੀਸਵੈਲ, ਬੈਲੇਵਿਊ, ਰੈਡਮੰਡ, ਰੈਂਟਨ, ਪਿਆਲਪ ਦੇ ਇਲਾਕੇ ਵਿੱਚ ਰੀਅਲ ਅਸਟੇਟ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
JASMEEN KAUR
C: 425-299-2284
Bus: 425-602-4150
jasmeenkaur@cbbain.com
COLDWELL BANKER BAIN
8525 -120TH Ave. NE, #100,Kirkland, WA 98033

John L. Scott REAL ESTATE
Kamaljit Singh
Real Estate Broker
* Residential * Commercial
* Bank Owned / Foreclosed
* Short Sale / Pre-Foreclosure
206-802-5699
Email:ksingh@johnlscott.com www.ksingh.johnlscott.com
Kent North Office:20829-72nd Ave S, Ste800 Kent, WA 98032

ਖ਼ੁਸ਼ਖ਼ਬਰੀ! ਖ਼ੁਸ਼ਖ਼ਬਰੀ! ਖ਼ੁਸ਼ਖ਼ਬਰੀ!
ਅੱਜ ਹੀ ਇਕ ਵਾਰ ਫੋਨ ਕਰੋ ਤੇ ਸਾਰੀ ਜਾਣਕਾਰੀ ਲਓ
ਤੁਹਾਡਾ ਘਰ ਲੈਣ ਦਾ ਜਾਂ ਬਿਜਨੈਸ ਲੈਣ ਦਾ ਸੁਪਨਾ ਅਸੀਂ ਪੂਰਾ ਕਰਾਂਗੇ
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ :
Berkshire Hathaway HOME SERVICES
Cell:206-446-9366
Office:253-854-9400
Northwest Real Estate
25230 104th Ave. S.E. Kent, WA 98030
eFax : 253-480-3448
Gagan@BHHSNWRE.com
GaganDeep.BGGSNWRE.com
ਗਗਨ ਚੌਹਾਨ

REAL ESTATE
Short Sale • Foreclosed • Bank owned
Hotels/Motels • Gas Stations • Vacant Lands
Sakater Singh Sandhu
Master Certified Negotiation Expert
Cell: 206-766-0551
KELLER WILLIAMS REALTY

WEST CAPITAL LENDING
YOUR PREFFERRED LOCAL LENDER

FOREVER ROOFING
Licensed,Bonded & Insured
PAWANDEEP JOSAN
Marketing Manager
Free Estimate 2062613683
Forever Roofing
Web:Foreverroofing.net
Email:info@foreverroofing.net

HUMBLE SANDHU SERVICES
"We help you help yourself"
*Immigration *Tax *Notary
Services We Provide
•Business & Personal Tax
•Indian Visa & OCI Applications
•Health Plans
Kent:253-338-9487
Puyallup:253-407-4723
Bellingham:360-440-5606
Email: myhumble@yahoo.com
25748-101st Ave, SE Kent WA 98030

LIFE INSURANCE | RETIREMENT PLANNING
Ø Life Insurance
Ø 529 College Saving Plan*
Ø IRA/401K Planning*
Ø Mortgage Protection
Ø Business Planning
Ø Estate Conservation
Ø Disability Insurance
Harpreet Parmar
Financial Services Professional
New York Life Insurance Company
15238 SE 272nd St Kent, WA 98042
Cell: 253-880-9968
www.harpreetparmar.com hparmar@ft.newyorklife.com

BALBIR SINGH NIJJAR
Senior Loan Originator
Wize Mortgage
ਮੋਰਗੇਜ਼ ਦੇ ਵਧੀਆ ਰੇਟ ਅਤੇ ਇਮਾਨਦਾਰ ਸਰਵਿਸ
RESIDENTIAL or COMMERCIAL LOANS
206-650-3700
13401-NE Bel Red Road, Suite B4, Bellevue, WA 98005
Bsingh@wisemfg.com www.wizemtg.com

Real Estate Expert
Harjinder Singh
ਸਿਆਟਲ ਏਰੀਏ ਵਿੱਚ ਘਰ ਖਰੀਦਣ ਤੇ ਵੇਚਣ ਲਈ ਕਾਲ ਕਰੋ
(206) 643-7853
Residential & Commercial
Harjinder@TheLionEstates.com
www.TheLionEstates.com
Kent, Renton, Auburn, Covington, Seattle, Everett, Lynnwood, Marysville, Bellevue, Redmond, Kirkland
CENTURY 21 Real Estate Center

Reshmi's Group

INDIAN FOOD DISTRIBUTOR

Chawla's™

# CHAWLA'S CELEBRATION COOKIES




**ਚਾਵਲਾ'ਜ਼ ਸੈਲੇਬ੍ਰੇਸ਼ਨ 300 ਗ੍ਰਾਮ**

🌰 ਹਨੀ ਬਦਾਮ & ਜੀਰਾ ਕੁਕੀਜ਼
– ਇੱਕ ਮਿੱਠਾ ਅਤੇ ਨਮਕੀਨ ਸੁਆਦ.

**ਚਾਵਲਾ'ਜ਼ ਬਟਰ ਕੁਕੀਜ਼ 340 ਗ੍ਰਾਮ**

🍪 ਡੈਨਿਸ਼ ਰੀਅਲ ਬਟਰ ਕੁਕੀਜ਼ –
ਕਲਾਸਿਕ, ਰਿਚ ਅਤੇ ਮੱਖਣੀ!







**ਚਾਵਲਾ'ਜ਼ ਸੈਲੇਬ੍ਰੇਸ਼ਨ 300 ਗ੍ਰਾਮ**

🥥 ਅਜਵਾਈਨ & ਨਾਰੀਅਲ ਕੁਕੀਜ਼
– ਖੁਸ਼ਬੂਦਾਰ ਅਤੇ ਵੱਖਰੀਆਂ ਦੇਸੀ!

**The Perfect Gift for Your Loved Ones – Share the Taste of Celebration!**

(ਤੁਹਾਡੇ ਪਿਆਰੇ ਜਣਿਆਂ ਲਈ ਪਰਫੈਕਟ ਤੋਹਫਾ – ਤਿਉਹਾਰਾਂ ਦੇ ਸਵਾਦ ਨੂੰ ਸਾਂਝਾ ਕਰੋ!)

**BUY NOW**

For Wholesale Order at :

1120 Andover Park E,Tukwila, WA 98188,T: (206) 575-0050,
E: sales@reshmisgroup.com.

# Diwali Raffle
## Cash Giveaway

## GRAND PRIZE $2500*

MORE WINNERS!

**4 Winners of $500 each***

**5 Winners of $300 each***

MORE CHANCES TO WIN!

Receive 1 entry for each $750 minimum purchase per invoice / per visit
between October 13 through December 24, 2025.
Winners announced December 31, 2025.
*All prizes are in the form of Cash Vouchers.
Cash Voucher redeemable only at Taj Jewelers. No Cash Value.

## ਦੀਵਾਲੀ ਕੈਸ਼ ਡਰਾਅ

**ਗਰੈਂਡ ਪ੍ਰਾਈਜ $2500***

**4 ਜੇਤੂ $500 each***

**5 ਜੇਤੂ $300 each***

*ਪ੍ਰਤੀ ਫੇਰੀ ਤੇ ਘੱਟੋ ਘੱਟ 750 ਡਾਲਰ ਦੀ ਖਰੀਦ
ਤੇ 1 ਐਂਟਰੀ ਮਿਲੇਗੀ
ਅਕਤੂਬਰ 13 ਤੋਂ ਦਸੰਬਰ 24, 2025 ਤੱਕ
31 ਦਸੰਬਰ, 2025 ਨੂੰ ਜੇਤੂ ਐਲਾਨਿਆ ਜਾਵੇਗਾ
*ਸਾਰੇ ਇਨਾਮ ਕੈਸ਼ ਬਾਊਚਰ ਵਿਚ ਮਿਲਣਗੇ
*ਕੈਸ਼ ਬਾਊਚਰ ਸਿਰਫ ਤਾਜ ਜਿਊਲਰਜ ਤੇ ਹੀ ਵਰਤਿਆ ਜਾਵੇਗਾ।
ਕੋਈ ਕੈਸ਼ ਕੀਮਤ ਨਹੀਂ।

## Shop 2 Locations in Kent, WA
## For the best 22k Selection and Price!


22 ਕੈਰੇਟ ਦੀ ਵਧੀਆ ਸਿਲੈਕਸ਼ਨ ਅਤੇ ਕੀਮਤ ਲਈ ਕੈਂਟ ਵਾਸ਼ਿੰਗਟਨ ਵਿਚ 2 ਲੁਕੇਸ਼ਨਾਂ ਤੇ ਸ਼ਾਪਿੰਗ ਕਰੋ

**TAJ JEWELERS**
ਤਾਜ਼ ਜਿਊਲਰਜ਼
253-981-3071
10120 SE 260th ST #110
Kent, WA 98030

**TAJ GOLD & DIAMOND JEWELERS**
ਤਾਜ਼ ਗੋਲਡ & ਡਾਇਮੰਡ ਜਿਊਲਰਜ਼
253-236-2757
25619 104th Ave SE
Kent, WA 98030

# ਨਵੇਂ ਮੋੜ ’ਤੇ ਅਮਰੀਕੀ ਸਿਆਸਤ

ਅਮਰੀਕਾ ਦੇ ਪ੍ਰਸਿੱਧ ਤੇ ਵੱਡੇ ਸ਼ਹਿਰ ਨਿਊਯਾਰਕ ਨੂੰ ‘ਦੁਨੀਆ ਦੀ ਆਰਥਿਕ ਰਾਜਧਾਨੀ’ ਮੰਨਿਆ ਜਾਂਦਾ ਹੈ। ਉੱਥੇ ਹਰ ਤਰ੍ਹਾਂ ਦੀ ਹੁੰਦੀ ਵਪਾਰਕ ਕਾਰਵਾਈ ਦਾ ਸਮੁੱਚੇ ਸੰਸਾਰ ’ਤੇ ਅਸਰ ਪੈਂਦਾ ਹੈ। ਇਹ ਵੀ ਵੱਡਾ ਕਾਰਨ ਹੈ ਕਿ ਇਸ ਮਹਾਨਗਰ ਦੇ ਮੇਅਰ ਦੀ ਚੋਣ ਨੂੰ ਦੁਨੀਆ ਭਰ ’ਚ ਦਿਲਚਸਪੀ ਨਾਲ ਦੇਖਿਆ ਜਾਂਦਾ ਹੈ। ਉਨੀ ਹੀ ਵੱਡੀ ਦਿਲਚਸਪੀ ਇਸ ਚੋਣ ਸੰਬੰਧੀ ਹੁੰਦੀ ਹੈ, ਜਿੰਨੀ ਅਮਰੀਕਾ ਦੇ ਰਾਸ਼ਟਰਪਤੀ ਦੀਆਂ ਚੋਣਾਂ ਲਈ ਲੋਕਾਂ ਵਲੋਂ ਦਿਖਾਈ ਜਾਂਦੀ ਹੈ। ਅਮਰੀਕਾ ਦੀ ਸਿਆਸਤ ਹਮੇਸ਼ਾ ਹੈਰਾਨ ਕਰਨ ਵਾਲੀ ਰਹੀ ਹੈ। ਇਥੇ ਦੀ ਰਾਜਨੀਤੀ ਬੇਹੱਦ ਤੇਜ਼ ਤੇ ਸਰਗਰਮੀ ਵਾਲੀ ਹੁੰਦੀ ਹੈ। ਚਾਹੇ ਲਿਖਤੀ ਸੰਵਿਧਾਨ ’ਚ ਤਾਂ ਨਹੀਂ ਪਰ ਇੱਥੇ ਸ਼ੁਰੂ ਤੋਂ ਹੀ ਇਹ ਪਰੰਪਰਾ ਬਣ ਚੁੱਕੀ ਹੈ ਕਿ ਚੁਣਿਆ ਗਿਆ ਰਾਸ਼ਟਰਪਤੀ ਆਪਣੇ ਅਹੁਦੇ ’ਤੇ ਦੋ ਵਾਰ ਹੀ ਰਹਿੰਦਾ ਹੈ।ਰਾਸ਼ਟਰਪਤੀ ਚੋਣ ਹਰ ਚਾਰ ਸਾਲ ਬਾਅਦ ਹੁੰਦੀ ਹੈ। ਦੂਜੇ ਪਾਸੇ ਚੀਨ ਤੇ ਰੂਸ ਵਰਗੇ ਵੱਡੇ ਤੇ ਤਾਕਤਵਰ ਦੇਸ਼ਾਂ ਵਿਚ ਪਾਰਟੀਆਂ ਦੇ ਨਾਂਅ ’ਤੇ ਤਾਨਾਸ਼ਾਹੀ ਹੀ ਚਲਦੀ ਆ ਰਹੀ ਹੈ। ਚੀਨ ਦਾ ਰਾਸ਼ਟਰਪਤੀ ਸ਼ੀ ਜਿਨਪਿੰਗ ਪਿਛਲੇ ਲਗਭਗ 13 ਸਾਲਾਂ ਤੋਂ ਅਤੇ ਰੂਸ ਦਾ ਰਾਸ਼ਟਰਪਤੀ ਵਲਾਦੀਮੀਰ ਪੁਤਿਨ 1999 ਤੋਂ ਕਦੇ ਪ੍ਰਧਾਨ ਮੰਤਰੀ ਤੇ ਕਦੇ ਰਾਸ਼ਟਰਪਤੀ ਵਜੋਂ ਸੱਤਾ ’ਤੇ ਕਾਬਜ਼ ਚਲਿਆ ਆ ਰਿਹਾ ਹੈ। ਅਮਰੀਕਾ ਦਾ ਰਾਸ਼ਟਰਪਤੀ ਡੋਨਾਲਡ ਟਰੰਪ ਪਹਿਲਾਂ ਰਿਪਬਲਿਕਨ ਪਾਰਟੀ ਵਲੋਂ ਇਕ ਵਾਰ ਚੋਣ ਜਿੱਤ ਗਿਆ ਸੀ ਪਰ ਆਪਣੀਆਂ ਧਸਮਾਰ ਨੀਤੀਆਂ ਕਾਰਨ ਉਹ ਅਗਲੀ ਵਾਰ ਚੋਣ ਹਾਰ ਗਿਆ ਸੀ। ਪਰ 2024 ਵਿਚ ਉਹ ਦਬਾਰਾ ਚੋਣ ਜਿੱਤ ਕੇ 20 ਜਨਵਰੀ ਨੂੰ ਮੁੜ ਰਾਸ਼ਟਰਪਤੀ ਬਣ ਗਿਆ, ਜਿਸ ਨਾਲ ਦੁਨੀਆ ਭਰ ’ਚ ਇਕ ਵਾਰ ਤਾਂ ਵੱਡੀ ਪੱਧਰ ’ਤੇ ਹੈਰਾਨੀ ਪੈਦਾ ਹੋਈ ਸੀ। ਆਪਣੇ ਲਗਭਗ 9 ਮਹੀਨਿਆਂ ਦੇ ਕਾਰਜਕਾਲ ’ਚ ਆਪਣੀਆਂ ਨੀਤੀਆਂ ਕਾਰਨ ਉਹ ਬੇਹੱਦ ਵਿਵਾਦ-ਗ੍ਰਸਤ ਰਾਸ਼ਟਰਪਤੀ ਬਣ ਚੁੱਕਾ ਹੈ। ਉਸ ਵਿਰੁੱਧ ਦੇਸ਼ ਭਰ ’ਚ ਮੁਜ਼ਾਹਰੇ ਵੀ ਸ਼ੁਰੂ ਹੋ ਗਏ ਹਨ। ਪਰ ਉਸ ਦੀਆਂ ਨੀਤੀਆਂ ਕਾਰਨ ਅੱਜ ਦੁਨੀਆ ਭਰ ਦੇ ਬਹੁਤੇ ਦੇਸ਼ ਉਸ ਤੋਂ ਕਿਸੇ ਨਾ ਕਿਸੇ ਤਰ੍ਹਾਂ ਨਾਰਾਜ਼ ਚੱਲ ਰਹੇ ਹਨ। ਇਨ੍ਹਾਂ ’ਚੋਂ ਬਹੁਤੇ ਦੇਸ਼ ਉਸ ਦੀਆਂ ਟੈਰਿਫ ਸੰਬੰਧੀ ਨੀਤੀਆਂ ਕਾਰਨ ਵੀ ਹੈਰਾਨ ਤੇ ਪ੍ਰੇਸ਼ਾਨ ਹਨ। ਹੁਣ ਇਸੇ ਦੌਰਾਨ ਅਮਰੀਕਾ ਦੇ ਪ੍ਰਸਿੱਧ ਸ਼ਹਿਰ ਨਿਊਯਾਰਕ ਦੇ ਮੇਅਰ ਦੀਆਂ ਚੋਣਾਂ ਦੌਰਾਨ ਜੋ ਘਟਨਾਕ੍ਰਮ ਵਾਪਰਿਆ ਹੈ, ਉਹ ਹੈਰਾਨ ਕਰ ਦੇਣ ਵਾਲਾ ਹੈ। ਇਥੇ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜ਼ੋਹਰਾਨ ਮਮਦਾਨੀ ਜੋ ਪਹਿਲਾਂ ਕਵੀਨਜ਼ ਤੋਂ ਰਾਜ ਵਿਧਾਨ ਸਭਾ ਮੈਂਬਰ ਚੁਣਿਆ ਗਿਆ ਸੀ, ਨਿਊਯਾਰਕ ਦਾ ਮੇਅਰ ਬਣ ਗਿਆ ਹੈ। ਉਸ ਨੇ ਆਪਣੀ ਪਾਰਟੀ ਵਲੋਂ ਮੇਅਰ ਦੇ ਅਹੁਦੇ ਦੀਆਂ ਚੋਣਾਂ ਲੜੀਆਂ ਸਨ। ਇਹ ਚੋਣਾਂ ਇਸ ਲਈ ਵੀ ਵੱਡੀ ਚਰਚਾ ’ਚ ਰਹੀਆਂ, ਕਿਉਂਕਿ ਇਨ੍ਹਾਂ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਕਰਟਿਸ ਸਲੀਵਾ ਅਤੇ ਸਾਬਕਾ ਮੇਅਰ ਐਂਡਰਿਊ ਕਿਓਮੋ ਨੂੰ ਨਿਰਾਸ਼ਾਜਨਕ ਹਾਰ ਹੋਈ ਜਦੋਂ ਕਿ ਡੈਮੋਕ੍ਰੇਟਿਕ ਉਮੀਦਵਾਰ ਜ਼ੋਹਰਾਨ ਮਮਦਾਨੀ ਨੂੰ



ਸ਼ਾਨਦਾਰ ਜਿੱਤ ਪ੍ਰਾਪਤ ਹੋਈ ਹੈ। ਹੋਰ ਵੀ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਮਮਦਾਨੀ ਦੀ ਉਮਰ ਸਿਰਫ਼ 34 ਸਾਲ ਹੈ। ਉਸ ਦਾ ਪੁਰਾਣਾ ਪਿਛੋਕੜ ਭਾਰਤੀ ਮੂਲ ਦਾ ਹੈ। ਇਹ ਪਹਿਲੀ ਵਾਰ ਹੈ ਕਿ ਜਦੋਂ ਕਿਸੇ ਦੱਖਣੀ ਏਸ਼ੀਆ ਦੇ ਮੁਸਲਮਾਨ ਨੂੰ ਏਨੀ ਮਹੱਤਵਪੂਰਨ ਚੋਣ ਵਿਚ ਵੱਡੀ ਜਿੱਤ ਪ੍ਰਾਪਤ ਹੋਈ ਹੈ। ਉਹ ਵੀ ਉਸ ਸਮੇਂ ਜਦੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਲਗਾਤਾਰ ਮਮਦਾਨੀ ਦੀ ਆਲੋਚਨਾ ਕੀਤੀ ਸੀ ਤੇ ਇਥੋਂ ਤੱਕ ਧਮਕੀ ਦਿੱਤੀ ਸੀ ਕਿ ਜੇ ਉਹ ਜਿੱਤਦਾ ਹੈ ਤਾਂ ਅਮਰੀਕਾ ਸਰਕਾਰ ਵਲੋਂ ਨਿਊਯਾਰਕ ਨੂੰ ਦਿੱਤੇ ਜਾਂਦੇ ਫੰਡ ਬੰਦ ਕਰ ਦਿੱਤੇ ਜਾਣਗੇ। ਪਰ 400 ਸਾਲਾਂ ਦੇ ਇਤਿਹਾਸ ਵਾਲੇ ਇਸ ਸ਼ਹਿਰ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਇਸ ਜਿੱਤ ਨੂੰ ਮੋਅਜਜ਼ਾ ਮੰਨਿਆ ਜਾ ਰਿਹਾ ਹੈ। ਮਮਦਾਨੀ ਦਾ ਪਿਛੋਕੜ ਇਹ ਰਿਹਾ ਹੈ ਕਿ ਉਹ ਸਟੇਜਾਂ ’ਤੇ ਗਾਣੇ ਗਾਉਣ ਦੇ ਨਾਲ-ਨਾਲ ਸੰਗੀਤ ਤੇ ਫ਼ਿਲਮੀ ਦੁਨੀਆ ’ਚ ਵੀ ਵਿਚਰਦਾ ਰਿਹਾ ਹੈ। ਉਸ ਦੀ ਮਾਤਾ ਮੀਰਾ ਨਾਇਰ ਹੈ, ਜੋ ਪੰਜਾਬੀ ਮੂਲ ਦੀ ਹੈ ਤੇ ਬਹੁਤ ਹੀ ਵਧੀਆ ਹਿੰਦੀ ਤੇ ਅੰਗਰੇਜ਼ੀ ਫ਼ਿਲਮਾਂ ਬਣਾਉਣ ਕਰਕੇ ਉਹ ਭਾਰਤ ਵਿਚ ਬਹੁਤ ਪ੍ਰਸਿੱਧ ਤੇ ਜਾਣਿਆ ਪਛਾਣਿਆ ਨਾਂਅ ਹੈ। ਵੱਖ-ਵੱਖ ਖੇਤਰਾਂ ਵਿਚ ਵਿਚਰਨ ਤੋਂ ਬਾਅਦ ਇਕ 34 ਸਾਲ ਦੇ ਨੌਜਵਾਨ ਮਮਦਾਨੀ ਨੂੰ ਮਿਲਿਆ ਏਡਾ ਵੱਡਾ ਹੁੰਗਾਰਾ ਹੈਰਾਨੀਜਨਕ ਹੈ, ਕਿਉਂਕਿ ਉਹ ਮਹਿਜ਼ 7 ਸਾਲ ਪਹਿਲਾਂ ਅਮਰੀਕਾ ਦਾ ਸ਼ਹਿਰੀ ਬਣਿਆ ਸੀ ਤੇ ਪੰਜ ਸਾਲ ਪਹਿਲਾਂ ਉਸ ਨੇ ਕਵੀਨਜ਼ ਅਸੈਂਬਲੀ ਦੀ ਚੋਣ ਜਿੱਤ ਲਈ ਸੀ। ਆਪਣੇ ਚੋਣ ਪ੍ਰਚਾਰ ’ਚ ਉਹ ਲੋਕਾਂ ਨਾਲ ਜੁੜੀਆਂ ਕੁਝ ਮਹੱਤਵਪੂਰਨ ਮੁਲ ਗੱਲਾਂ ਨੂੰ ਉਭਾਰਦਾ ਰਿਹਾ ਹੈ। ਖ਼ਾਸ ਤੌਰ ’ਤੇ ਉਹ ਨੌਕਰੀਪੇਸ਼ਾ ਲੋਕਾਂ ਨੂੰ ਸੰਬੋਧਤ ਹੁੰਦਾ ਰਿਹਾ ਹੈ। ਇਸ ਦੇ ਨਾਲ-ਨਾਲ ਉਸ ਨੇ ਬੱਚਿਆਂ ਦੀ ਦੇਖਭਾਲ ਲਈ ਮੁਫ਼ਤ ਪ੍ਰਬੰਧ ਕਰਨ, ਮਕਾਨਾਂ ਦੇ ਕਿਰਾਏ ਨਾ ਵਧਾਉਣ, ਬੱਸ ਸੇਵਾ ਮੁਫ਼ਤ ਕਰਨ ਤੇ ਇਸ ਤੋਂ ਵੀ ਅੱਗੇ ਸਰਕਾਰ ਵਲੋਂ ਅਜਿਹੀਆਂ ਕਰਿਆਨੇ ਦੀਆਂ ਦੁਕਾਨਾਂ ਖੋਲ੍ਹਣ ਦੀ ਗੱਲ ਕੀਤੀ ਹੈ, ਜਿਨ੍ਹਾਂ ’ਤੇ ਸਸਤੇ ਭਾਅ ’ਤੇ ਹਰ ਤਰ੍ਹਾਂ ਦੀਆਂ ਵਸਤਾਂ ਵੇਚੀਆਂ ਜਾਣਗੀਆਂ। ਆਪਣੀ ਜਿੱਤ ਦੇ ਭਾਸ਼ਨ ’ਚ ਉਸ ਨੇ ਵਿਸ਼ੇਸ਼ ਤੌਰ ’ਤੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਵਲੋਂ ਦੇਸ਼ ਦੇ ਆਜ਼ਾਦ ਹੋਣ ਸਮੇਂ ਦਿੱਤੇ ਗਏ ਪਹਿਲੇ ਭਾਸ਼ਨ ਦਾ ਜ਼ਿਕਰ ਕੀਤਾ ਤੇ ਨਿਊਯਾਰਕ ਵਿਚ ਇਕ ਨਵਾਂ ਸਵੇਰਾ ਚੜ੍ਹਨ ਦੀ ਗੱਲ ਕੀਤੀ।

ਮਮਦਾਨੀ ਦੀ ਜਿੱਤ ਨੂੰ ਇਕ ਹੋਰ ਮਹੱਤਵਪਰਨ ਪਹਿਲੂ ਨਾਲ ਵੀ ਜੋੜਿਆ ਜਾ ਰਿਹਾ ਹੈ ਕਿ, ਇਹ ਜਿੱਤ ਰਾਸ਼ਟਰਪਤੀ ਟਰੰਪ ਦੀ ਲਗਾਤਾਰ ਡਿਗ ਰਹੀ ਸਾਖ਼ ਦੀ ਨਿਸ਼ਾਨੀ ਹੈ। ਇਸ ਇਤਿਹਾਸਕ ਜਿੱਤ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਆਉਣ ਵਾਲਾ ਸਮਾਂ ਬੇਹੱਦ ਚੁਣੌਤੀਆਂ ਭਰਪੂਰ ਸਾਬਤ ਹੋ ਸਕਦਾ ਹੈ, ਜੋ ਦੇਸ਼ ਦੀ ਸਿਆਸਤ ਦਾ ਰਾਹ ਬਦਲਣ ਦੀ ਸੰਭਾਵਨਾ ਰੱਖਦਾ ਹੈ।


TUKWILA DENTAL CENTER
NEW PATIENTS & EMERGENCIES WELCOME
GENERAL DENTISTRY FOR ALL AGES
*A Caring Team for You & Your Family*
Most Crowns and Bridges are made same day with our CAD/CAM System

- General Dentistry
- Bridges
- Fillings
- Dentures
- Dental Implants
- Crowns
- Cosmetic Dentistry
- Sealants
- Treatment of Gum Disease
- Oral Surgery
- Root Canals



HARCHAND SINGH DDS PS, SARAA ABDULATEEF DDS MS, ABRAAM ABRAMOV LD, MUKTA SINGH DDS, TANVEER S BUTTAR DDS

| Hours : | | |
|---|---|---|
| | Monday | 9AM - 6PM |
| | Tuesday | 9AM - 6PM |
| | Wednesday | 9AM - 6PM |
| | Thursday | 9AM - 6PM |
| | Friday | 8AM - 4PM |

*(Fellow & Master Academy of General Dentistry)*
DENTAL LAB ON PREMISES

13955 Interurban Ave So, Tukwila, WA 98168
www.tukwiladentalcenter.com Email: tukwiladentalcenter@comcast.net
Ph: 206-431-0953, 206-241-0454, Fax: 206-439-6860



Complete Dental Care
New & Emergency Patients Welcome
-Family & Cosmetic Dentistry
-Root Canals, Wisdom Teeth Removal, Metal-free Restorations
-Bleeching, Veneer, Bonding
-Preventive & Pediatric Dentistry




ਹਰ ਤਰਾਂ ਦੇ ਦੰਦਾਂ ਦਾ ਇਲਾਜ਼ ਕਰਵਾਉਣ ਲਈ ਸੰਪਰਕ ਕਰੋ
Dr. Manpreet Dhaliwal
Dr. Navdeep Dhaliwal
Dr. Donald Hainer

Complete DENTAL CARE
Ph: 253-854-2714
SUITE #1, 10725 SE 256TH ST, KENT, WA


Prices Effective From 30th Oct 2025
PUNJAB GROCERY BAZAAR
PUNJAB GROCERY BAZAAR
OLD KK MARKET
Get SPECIAL DISCOUNT
Happy Gurupurab
BITTER GOURD $2.49 LBS
LENTILS Flat 10% Off
INDIAN CARROTS $4.49 LBS
Lady Finger $3.49 LBS
ROASTED BARFI $9.99 LBS
TOMATO $0.99 LBS
MUSTARD OIL $19.99 5 Litre
INDIAN CROCKERY Get 10% Discount
Desi Gud $ 1.99 LBS
FRESH VEGGIE CANADIAN COOKIES $8.99
YOU CAN TEST BEFORE BUYING
DESI SAKKAR $3.99 2 LBS
HOT TEA AVAILABLE
+1 253-854-5236
23805, 104th Ave SE, Kent, WA 98031, United States

# ਦਿਲਜੀਤ ਨੇ ਪੰਜਾਬੀ ਸਭਿਆਚਾਰ ਨੂੰ ਸੰਭਾਲਣ ਦਾ ਹੋਕਾ ਦਿੱਤਾ



ਅਸਟਰੇਲੀਆ:-ਪੰਜਾਬੀ ਗਾਇਕ ਦਲਜੀਤ ਦੁਸਾਂਝ ਆਪਣੇ ਆਸਟਰੇਲੀਆ ਟੂਰ ਦੇ ਲਾਈਵ ਸ਼ੋਅਜ਼ ਵਿੱਚ ਪੰਜਾਬੀ ਆ ਗਏ ਓਏ ਅਤੇ ਮੈਂ ਹੂੰ ਪੰਜਾਬ ਡਾਇਲਾਗ ਨਾਲ ਛਾਇਆ ਹੋਇਆ ਹੈ।ਉਹ ਸਿਡਨੀ, ਬ੍ਰਿਸਬੇਨ, ਮੈਲਬਰਨ, ਐਡੀਲੇਡ ਅਤੇ ਪਰਥ ਵਿੱਚ ਸ਼ੋਅ ਕਰ ਚੁੱਕਾ ਹੈ।ਐਡੀਲੇਡ ਵਿੱਚ ਸ਼ੋਅ ਕਰਨ ਤੋਂ ਪਹਿਲਾਂ ਉਸ ਨੇ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਦਿਹਾੜਾ ਮਨਾਉਂਦਿਆਂ ਟੀਮ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਪੰਜਾਬੀ ਪੌਪ ਸਟਾਰ ਦਿਲਜੀਤ ਨੇ ਔਰਾ ਲਾਈਵ ਟੂਰ ਲਈ ਆਸਟਰੇਲੀਆ ਭਰ ਵਿੱਚ ਸਟੇਡੀਅਮ ਵੇਚਣ ਵਾਲੇ ਪਹਿਲੇ ਭਾਰਤੀ ਕਲਾਕਾਰ ਵਜੋਂ ਇਤਿਹਾਸ ਰਚਿਆ ਹੈ। ਟੀ ਈ ਜੀ ਗਲੋਬਲ ਦੇ ਮੁਖੀ ਟਿਮ ਮੈਕਗ੍ਰੇਗਰ ਨੇ ਕਿਹਾ ਕਿ ਦਿਲਜੀਤ ਕੋਲ ਲੋਕਾਂ ਨੂੰ ਖਿੱਚਣ ਦਾ ਖਾਸ ਹੁਨਰ ਹੈ ਜਿਸ ਸਦਕਾ 90 ਹਜ਼ਾਰ ਤੋਂ ਵੱਧ ਟਿਕਟਾਂ ਵਿਕੀਆਂ। ਆਸਟਰੇਲਿਆਈ ਸੈਨੇਟਰ ਪੌਲ ਸਕਾਰ ਨੇ ਸੈਨੇਟ ਵਿੱਚ ਦਿਲਜੀਤ ਦੀ ਸ਼ਲਾਘਾ ਕਰਦਿਆਂ ਉਸ ਨੂੰ ਨੌਜਵਾਨਾਂ ਲਈ ਰੋਲ ਮਾਡਲ ਦੱਸਿਆ।ਦਿਲਜੀਤ ਨੇ ਸ਼ੋਅਜ਼ ਦੌਰਾਨ ਪੰਜਾਬੀਆਂ ਨੂੰ ਪੰਜਾਬੀ ਸੰਗੀਤ, ਭਾਸ਼ਾ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਅਤੇ ਆਪਸੀ ਪਿਆਰ, ਏਕਤਾ, ਨਿਮਰਤਾ, ਸਤਿਕਾਰ ਬਣਾਈ ਰੱਖਣ ਦਾ ਸੁਨੇਹਾ ਦਿੱਤਾ। ਸਿਡਨੀ ਸ਼ੋਅ ਦੌਰਾਨ ਜਦੋਂ ਉਸ ਦੀ ਨਜ਼ਰ ਇੱਕ ਪਰਿਵਾਰ ਦੇ ਵਿਸ਼ੇਸ਼ ਪਹਿਰਾਵੇ ਤੇ ਪਈ ਤਾਂ ਉਸ ਨੇ ਉਨ੍ਹਾਂ ਨੂੰ ਸਟੇਜ ਤੇ ਬੁਲਾ ਕੇ ਸ਼ਲਾਘਾ ਕੀਤੀ। ਇਹ ਉਹੀ ਪਹਿਰਾਵਾ ਸੀ ਜੋ ਦਿਲਜੀਤ ਨੇ ਮੇਟ ਗਾਲਾ ਵਿੱਚ ਪਾਇਆ ਸੀ। ਦਿਲਜੀਤ ਦਾ ਅਗਲਾ ਸ਼ੋਅ ਨਿਊਜ਼ੀਲੈਂਡ ਦੇ ਸ਼ਹਿਰ ਆਕਲੈਂਡ ਵਿੱਚ 13 ਨਵੰਬਰ ਨੂੰ ਹੋਵੇਗਾ।


ਹੁਣ ਕੈਂਟ ਵਿੱਚ ਵਿਜੈ ਜਿਊਲਰਜ਼ ਨੇ ਆਪਣੀ ਨਵੀਂ ਦੁਕਾਨ ਖੋਲ੍ਹ ਦਿੱਤੀ ਹੈ

Vijay JEWELLERS INC.

Specializing in 22K Gold




ਸੋਨੇ ਦੀਆਂ ਬਾਰਾਂ ਸਪੈਸ਼ਲ ਕੀਮਤਾਂ ਤੇ ਮਿਲਦੀਆਂ ਹਨ



ਅਨੇਕਾਂ ਪ੍ਰਕਾਰ ਦੇ ਗਹਿਣੇ
ਲੇਟੈਸਟ ਡਿਜਾਈਨਾਂ ਵਿਚ ਲਵੋ

ਹਰੇਕ ਤਰ੍ਹਾਂ ਦੇ ਨਗ ਸਰਟੀਫਾਈਡ ਮਿਲਦੇ ਹਨ

ਅਸੀਂ ਹਰ ਤਰਾਂ ਦੇ ਗਹਿਣੇ ਰਿਪੇਅਰ ਵੀ ਕਰਦੇ ਹਾਂ

Naman Dhawan
856-325-9919, 253-277-3854

Vijay Dhawan
253-656-2666

25416 104th Ave SE, Kent, WA 98030, USA


www.vijayjewellersseattle.com vijayjewellersinc@gmail.com

# "ਅਮਰੀਕੀਆਂ ਨੂੰ ਸਿਖਾਓ ਤੇ ਘਰ ਨੂੰ ਜਾਓ..." ਟਰੰਪ ਦੀਆਂ ਵੀਜ਼ਾ ਨੀਤੀਆਂ 'ਤੇ ਨਵਾਂ ਫ਼ਰਮਾਨ




ਵਾਸ਼ਿੰਗਟਨ:- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਵੀਂ ਵੀਜ਼ਾ ਨੀਤੀ ਨੇ ਇੱਕ ਵਾਰ ਫਿਰ ਭਾਰਤੀ ਪੇਸ਼ੇਵਰਾਂ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ। ਅਮਰੀਕੀ ਵਿੱਤ ਸਕੱਤਰ ਸਕੌਟ ਬੇਸੈਂਟ ਨੇ ਹਾਲ ਹੀ ਵਿੱਚ ਕਿਹਾ ਕਿ ਟਰੰਪ ਪ੍ਰਸ਼ਾਸਨ ਦਾ ਨਵਾਂ - ਵੀਜ਼ਾ ਪਲਾਨ ਵਿਦੇਸ਼ੀ ਮਾਹਿਰਾਂ ਨੂੰ ਅਸਥਾਈ ਤੌਰ 'ਤੇ ਬੁਲਾ ਕੇ ਅਮਰੀਕੀ ਕਾਮਿਆਂ ਨੂੰ ਸਿਖਲਾਈ ਦੇਣ ਲਈ ਬਣਾਇਆ ਗਿਆ ਹੈ। ਬੇਸੈਂਟ ਦਾ ਸਪੱਸ਼ਟ ਸੰਦੇਸ਼ ਹੈ: "ਟ੍ਰੇਨ ਦਿ ਯੂ.ਐੱਸ. ਵਰਕਰਸ, ਦੈਨ ਗੋ ਹੋਮ।" ਯਾਨੀ ਵਿਦੇਸ਼ੀ ਮਾਹਿਰ ਸਿਰਫ਼ ਅਸਥਾਈ ਤੌਰ 'ਤੇ ਅਮਰੀਕਾ ਆਉਣਗੇ, ਅਮਰੀਕੀ ਕਰਮਚਾਰੀਆਂ ਨੂੰ ਹੁਨਰ ਸਿਖਾਉਣਗੇ ਅਤੇ ਫਿਰ ਵਾਪਸ ਆਪਣੇ ਦੇਸ਼ ਪਰਤ ਜਾਣਗੇ।

# ਪੰਜਾਬ ਸਰਕਾਰ ਦਾ ਕੈਨੇਡਾ ਨਿਵਾਸੀ ਜਗਮਨ ਸਮਰਾ ਖ਼ਿਲਾਫ਼ ਵੱਡਾ ਐਕਸ਼ਨ



ਲੁਧਿਆਣਾ (ਰਾਜ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਸ਼ਲੀਲ ਮੀਡੀਆ 'ਤੇ ਵਾਇਰਲ ਕਰਨ ਵਾਲੇ ਪਿਓ-ਪੁੱਤ 'ਤੇ ਪੁਲਸ ਨੇ ਵੱਡੀ ਕਾਰਵਾਈ ਕੀਤੀ ਹੈ। ਪੁਲਸ ਨੀ ਜਗਮਨ ਸਮਰਾ ਅਤੇ ਉਸ ਦੇ ਬੇਟੇ ਹਰਕੀਰਤ ਸਿੰਘ ਖਿਲਾਫ ਲੁਕਆਊਟ ਸਰਕੂਲਰ ਜਾਰੀ ਕੀਤਾ ਹੈ। ਦੋਵਾਂ ਖਿਲਾਫ ਪਹਿਲਾਂ ਹੀ ਲੁਧਿਆਣਾ ਦੇ ਸਾਈਬਰ ਸੈੱਲ 'ਚ ਕ੍ਰਿਪਟੋ ਕਰੰਸੀ ਅਤੇ ਇਨਵੈਸਟਰ ਨਾਲ ਲੱਖਾਂ ਰੁਪਏ ਦੀ ਧੋਖਾਦੇਹੀ ਕਰਨ ਦਾ ਦੋਸ਼ ਹੈ। ਉਨ੍ਹਾਂ ਦੇ 4 ਸਾਥੀਆਂ ਨੂੰ ਪੁਲਸ ਪਹਿਲਾਂ ਹੀ ਗ੍ਰਿਫਤਾਰ ਕਰ ਚੁੱਕੀ ਹੈ, ਜਿਨ੍ਹਾਂ ਵਿਚ ਪਰਮੇਲ ਸਿੰਘ, ਗੁਰਪ੍ਰੀਤ ਸਿੰਘ ਚਹਿਲ, ਕਾਰਤਿਕ ਮਿੱਤਲ ਅਤੇ ਬਚਿੱਤਰ ਸਿੰਘ ਸ਼ਾਮਲ ਹਨ। ਸਾਰਿਆਂ 'ਤੇ ਸਾਈਬਰ ਸੈੱਲ ਵਿਚ 24 ਅਕਤੂਬਰ ਨੂੰ ਕੇਸ ਦਰਜ ਹੋਇਆ ਸੀ। ਦੋਸ਼ ਹੈ ਕਿ ਸਮਰਾ ਨੇ ਨਕਲੀ ਕ੍ਰਿਪਟੋ ਕੁਆਇਨ 5.ਕੇ ਲਾਂਚ ਕਰ ਕੇ ਲੋਕਾਂ ਨੂੰ ਭਾਰੀ ਮੁਨਾਫੇ ਦਾ ਝਾਂਸਾ ਦੇ ਕੇ ਠੱਗਿਆ ਸੀ ਅਤੇ ਹਵਾਲਾ ਜ਼ਰੀਏ ਕਨੈਡਾ ਵਿਚ ਪੈਸੇ ਟ੍ਰਾਂਸਫਰ ਕੀਤੇ। ਐੱਨ. ਆਰ. ਆਈ. ਜਗਮਨ ਸਮਰਾ ਅਤੇ ਉਸ ਦੇ ਬੇਟੇ ਨੇ ਲੁਧਿਆਣਾ ਸਮੇਤ ਪੰਜਾਬ ਦੇ ਹੋਰਨਾਂ ਜ਼ਿਲਿਆਂ ਵਿਚ ਇਨਵੈਸਟਮੈਂਟ ਸੈਂਟਰ ਵੀ ਖੋਲ੍ਹੇ ਸਨ। ਦੋਵਾਂ ਖਿਲਾਫ ਸਬ-ਇੰਸਪੈਕਟਰ ਹਰਿੰਦਰਪਾਲ ਸਿੰਘ ਦੇ ਬਿਆਨਾਂ ਤਹਿਤ ਕੇਸ ਦਰਜ ਹੈ। ਪੁਲਸ ਬਿਆਨਾਂ ਮੁਤਾਬਕ ਸੰਗਰੂਰ ਜ਼ਿਲੇ ਦੇ ਫੱਗੁਵਾਲ ਪਿੰਡ ਦਾ ਰਹਿਣ ਵਾਲਾ ਅਤੇ ਮੌਜੂਦਾ ਵਿਚ ਕੈਨੇਡਾ ਵਿਚ ਰਹਿ ਰਿਹਾ ਜਗਮਨ ਸਮਰਾ ਨੇ 5.ਕੇ ਨਾਂ ਨਾਲ ਫਰਜ਼ੀ ਕ੍ਰਿਪਟੋ ਕਰੰਸੀ ਲਾਂਚ ਕੀਤੀ ਸੀ। ਉਸ ਨੇ ਨਿਵੇਸ਼ਕਾਂ ਨੂੰ ਭਾਰੀ ਮੁਨਾਫੇ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਠੱਗੇ ਅਤੇ ਹਵਾਲਾ ਨੈੱਟਵਰਕ ਜ਼ਰੀਏ ਇਹ ਰਕਮ ਕੈਨੇਡਾ ਟ੍ਰਾਂਸਫਰ ਕੀਤੀ। ਸਮਰਾ ਅਤੇ ਉਸ ਦੇ ਸਹਿਯੋਗੀਆਂ ਨੇ ਲੁਧਿਆਣਾ ਦੇ ਡੇਹਲੋਂ ਸਮੇਤ ਕਈ ਸ਼ਹਿਰਾਂ ਵਿਚ ਆਫਿਸ ਖੋਲ੍ਹ ਰੱਖੇ ਸਨ। ਪੁਲਸ ਦੀ ਜਾਂਚ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਸਮਰਾ ਅਤੇ ਉਸ ਦਾ ਗਿਰੋਹ ਮਨੁੱਖੀ ਸਮੱਗਲਿੰਗ ਵਿਚ ਸ਼ਾਮਲ ਸੀ। ਉਨ੍ਹਾਂ ਨੇ ਕੈਨੇਡੀਆਈ ਵੀਜ਼ਾ ਦਿਵਾਉਣ ਦੇ ਬਹਾਨੇ ਕਈ ਲੋਕਾਂ ਤੋਂ ਪੈਸੇ ਲਏ ਅਤੇ ਉਨ੍ਹਾਂ ਨੂੰ ਠੱਗਿਆ। ਹੁਣ ਪੁਲਸ ਇਹ ਪਤਾ ਲਗਾਉਣ 'ਚ ਜੁਟੀ ਹੈ ਕਿ ਇਸ ਨੈੱਟਵਰਕ ਦੇ ਜ਼ਰੀਏ ਕਿੰਨੈ ਲੋਕਾਂ ਨੂੰ ਅਤੇ ਕਿੰਨੀ ਰਕਮ ਦਾ ਨੁਕਸਾਨ ਹੋਇਆ ਹੈ। ਏ. ਡੀ. ਸੀ. ਪੀ. ਵੈਭਵ ਸਹਿਗਲ ਨੇ ਦੱਸਿਆ ਕਿ ਜਗਮਨ ਸਮਰਾ ਅਤੇ ਉਸ ਦੇ ਬੇਟੇ ਹਰਕੀਰਤ ਸਿੰਘ ਖਿਲਾਫ ਲੁਕਆਊਟ ਸਰਕੂਲਰ ਜਾਰੀ ਕੀਤਾ ਗਿਆ ਹੈ। ਹਾਲ ਦੀ ਘੜੀ ਮੁਲਜ਼ਮ ਕੈਨੇਡਾ ਵਿਚ ਹੈ।

# ਦਿੱਲੀ ਦੀ ਜ਼ਹਿਰੀਲੀ ਹਵਾ:ਸਿਰਫ ਮਾਸਕ ਪਾਉਣਾ ਕਾਫ਼ੀ ਨਹੀਂ

ਦਿੱਲੀ:ਰਾਜਧਾਨੀ ਦਿੱਲੀ ਵਿੱਚ ਹਵਾ ਪ੍ਰਦੂਸ਼ਣ ਦੇ ਗੰਭੀਰ ਪੱਧਰ 'ਤੇ ਪਹੁੰਚਣ ਕਾਰਨ ਸੁਪਰੀਮ ਕੋਰਟ ਨੇ ਵੀਰਵਾਰ ਨੂੰ ਡੂੰਘੀ ਚਿੰਤਾ ਜ਼ਾਹਰ ਕੀਤੀ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਹੁਣ ਸਥਿਤੀ ਇੰਨੀ ਖਰਾਬ ਹੋ ਚੁੱਕੀ ਹੈ ਕਿ ਸਿਰਫ ਮਾਸਕ ਪਹਿਨਣਾ ਵੀ ਕਾਫੀ ਨਹੀਂ ਹੈ। ਸੁਣਵਾਈ ਦੌਰਾਨ ਜਸਟਿਸ ਪੀ.ਐੱਸ. ਨਰਸਿਮਹਾ ਨੇ ਸੀਨੀਅਰ ਵਕੀਲਾਂ ਨੂੰ ਕਿਹਾ ਕਿ "ਪ੍ਰਦੂਸ਼ਣ ਬਹੁਤ ਗੰਭੀਰ ਹੈ" ਅਤੇ ਇਹ ਸਥਾਈ ਨੁਕਸਾਨ ਪਹੁੰਚਾ ਸਕਦਾ ਹੈ। ਇਸ ਲਈ, ਜਦੋਂ ਵੀਡੀਓ ਕਾਨਫਰੰਸਿੰਗ ਦੀ ਸਹੂਲਤ ਉਪਲਬਧ ਹੈ ਤਾਂ ਉਹ ਸਰੀਰਕ ਤੌਰ 'ਤੇ ਅਦਾਲਤ 'ਚ ਪੇਸ਼ ਹੋਣ ਦੀ ਬਜਾਏ ਵਰਚੁਅਲ ਸੁਣਵਾਈ ਦੀ ਵਰਤੋਂ ਕਰੋ।




ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

Special Catering Service for 100-125 persons

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਪਹਿਲਾਂ ਗ੍ਰਿਫਤਾਰੀਆਂ ਫੇਰ ਧਮਾਕਾ

## ਡਾਕਟਰ ਗ੍ਰਿਫ਼ਤਾਰ, ਹਥਿਆਰ ਬਰਾਮਦ:ਪੁਲਿਸ ਦਾ 'ਅੱਤਵਾਦੀ ਮਾਡਿਊਲ' ਬਾਰੇ ਕੀ ਦਾਅਵਾ ਹੈ?

ਸ੍ਰੀਨਗਰ: ਇਹ ਸਪੱਸ਼ਟ ਨਹੀਂ ਹੈ ਕਿ ਕਸ਼ਮੀਰ, ਉੱਤਰ ਪ੍ਰਦੇਸ਼ ਅਤੇ ਹਰਿਆਣਾ ਵਿੱਚ ਹਿਰਾਸਤ ਵਿੱਚ ਲਈਆਂ ਗਈਆਂ ਅਤੇ ਗ੍ਰਿਫ਼ਤਾਰੀਆਂ ਦਿੱਲੀ ਧਮਾਕੇ ਨਾਲ ਜੁੜੀਆਂ ਹਨ, ਪਰ ਅਣਪਛਾਤੇ ਅਧਿਕਾਰੀਆਂ ਦੇ ਹਵਾਲੇ ਨਾਲ ਮੀਡੀਆ ਰਿਪੋਰਟਾਂ ਦੋਵਾਂ ਨੂੰ ਜੋੜ ਰਹੀਆਂ ਹਨ।ਇਹ ਸਵਾਲ ਆਮ ਹੈ ਇਨੇ ਪੜ੍ਹੇ ਲਿਖੇ ਡਾਕਟਰ ਮਨੁਖੀ ਬੰਬ ਬਣਕੇ ਆਮ ਲੋਕਾ ਨੂੰ ਨਿਸ਼ਾਨ ਕਿਉਂ ਬਣਾਉਂਣਗੇ? ਮਰਨ ਵਾਲਿਆਂ ਵਿੱਚ ਮੁਸਲਮਾਨ ਵੀ ਹਨ।ਕੋਈ ਵੱਡਾ ਆਗੂ ਨਿਸ਼ਾਨੇ ਤੇ ਹੋਣਾਂ ਚਾਹੀਦਾ ਸੀ।ਫੇਰ ਪੁਲਿਸ ਕਹਾਣੀਂ ਤੇ ਯਕੀਂਨ ਬੱਝਦਾ ਸੀ।

ਇਹ ਧਿਆਨ ਦੇਣ ਯੋਗ ਹੈ ਕਿ ਇਸ ਹਫ਼ਤੇ ਦੇ ਸ਼ੁਰੂ ਵਿੱਚ, ਜੰਮੂ ਅਤੇ ਕਸ਼ਮੀਰ ਪੁਲਿਸ ਨੇ ਕਿਹਾ ਸੀ ਕਿ ਉਸਨੇ ਜੈਸ਼-ਏ-ਮੁਹੰਮਦ ਦੁਆਰਾ ਕਥਿਤ ਤੌਰ 'ਤੇ ਜਾਰੀ ਕੀਤੇ ਗਏ ਅਸਪਸ਼ਟ ਪੋਸਟਰਾਂ ਦੀ ਜਾਂਚ ਕਰਦੇ ਹੋਏ ਇੱਕ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ, ਜੋ ਕਿ 19 ਅਕਤੂਬਰ ਨੂੰ ਗਰਮੀਆਂ ਦੀ ਰਾਜਧਾਨੀ ਸ੍ਰੀਨਗਰ ਦੇ ਨੌਗਾਮ ਖੇਤਰ ਦੇ ਕੁਝ ਹਿੱਸਿਆਂ ਵਿੱਚ ਚਿਪਕਾਏ ਗਏ ਪਾਏ ਗਏ ਸਨ।

ਇਸੇ ਤਰ੍ਹਾਂ, ਪੁਲਿਸ ਦੁਆਰਾ ਅੱਤਵਾਦੀਆਂ ਦੇ "ਓਵਰਗਰਾਊਂਡ ਵਰਕਰ ਅਤੇ ਹਮਦਰਦ" ਵਜੋਂ ਪਛਾਣੇ ਗਏ 1,200 ਤੋਂ ਵੱਧ ਲੋਕਾਂ ਤੋਂ ਪਿਛਲੇ ਤਿੰਨ ਹਫ਼ਤਿਆਂ ਵਿੱਚ ਕਸ਼ਮੀਰ ਦੇ ਵੱਖ-ਵੱਖ ਹਿੱਸਿਆਂ ਵਿੱਚ ਪੁੱਛਗਿੱਛ ਕੀਤੀ ਗਈ ਹੈ, ਅਤੇ ਉਨ੍ਹਾਂ ਵਿੱਚੋਂ ਕੁਝ ਨੂੰ ਇਸ ਮਾਮਲੇ ਦੇ ਸੰਬੰਧ ਵਿੱਚ ਹਿਰਾਸਤ ਵਿੱਚ ਲਿਆ ਗਿਆ ਹੈ।

ਪੁਲਿਸ ਦੇ ਅਨੁਸਾਰ, ਇਸ ਮਾਮਲੇ ਵਿੱਚ ਉਨ੍ਹਾਂ ਦੀ ਪਹਿਲੀ ਸਫਲਤਾ ਉਦੋਂ ਹੋਈ ਜਦੋਂ ਜਾਂਚਕਰਤਾਵਾਂ ਨੇ ਅਨੰਤਨਾਗ ਜ਼ਿਲ੍ਹੇ ਦੇ ਸਰਕਾਰੀ ਮੈਡੀਕਲ ਕਾਲਜ ਵਿੱਚ ਡਾ. ਅਦੀਲ ਅਹਿਮਦ ਰਾਠਰ ਦੇ ਸਰਕਾਰੀ ਲਾਕਰ ਵਿੱਚੋਂ ਇੱਕ ਏ.ਕੇ-47 ਰਾਈਫਲ ਬਰਾਮਦ ਕੀਤੀ।

ਕੁਲਗਾਮ ਜ਼ਿਲ੍ਹੇ ਦੇ ਰਹਿਣ ਵਾਲੇ, ਰਾਠਰ ਪਿਛਲੇ ਸਾਲ ਅਕਤੂਬਰ ਵਿੱਚ ਆਪਣੀ ਨੌਕਰੀ ਛੱਡਣ ਤੋਂ ਪਹਿਲਾਂ ਅਨੰਤਨਾਗ ਵਿੱਚ ਇੱਕ ਸੀਨੀਅਰ ਰੈਜ਼ੀਡੈਂਟ ਡਾਕਟਰ ਵਜੋਂ ਕੰਮ ਕਰਦੇ ਸਨ। ਹਾਲਾਂਕਿ, ਪੁਲਿਸ ਨੇ ਅਜੇ ਤੱਕ ਇਹ ਸਪੱਸ਼ਟ ਨਹੀਂ ਕੀਤਾ ਹੈ ਕਿ ਉਸਦਾ ਲਾਕਰ ਇੱਕ ਵਿਅਸਤ ਹਸਪਤਾਲ ਵਿੱਚ ਮਹੀਨਿਆਂ ਤੱਕ ਕਿਉਂ ਨਹੀ ਖੋਲਿਆ ਗਿਆ ਜਦੋਂ ਉਹ ਇਥੋਂ ਨੌਕਰੀ ਛੱਡ ਚੁੱਕੇ ਹਨ।ਜਿੱਥੇ ਦਰਜਨਾਂ ਡਾਕਟਰ ਰੋਜ਼ਾਨਾ ਹਜ਼ਾਰਾਂ ਮਰੀਜ਼ਾਂ ਦਾ ਇਲਾਜ ਕਰਦੇ ਹਨ।ਡਾ. ਰਾਠਰ ਨੂੰ 6 ਨਵੰਬਰ ਨੂੰ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਦੇ ਇੱਕ ਹਸਪਤਾਲ ਤੋਂ ਗ੍ਰਿਫਤਾਰ ਕੀਤਾ ਗਿਆ ਸੀ, ਜਿੱਥੇ ਉਹ ਹਾਲ ਹੀ ਵਿੱਚ ਨੌਕਰੀ ਵਿੱਚ ਸ਼ਾਮਲ ਹੋਏ ਸਨ।

ਸੋਮਵਾਰ ਨੂੰ, ਫਰੀਦਾਬਾਦ ਪੁਲਿਸ ਕਮਿਸ਼ਨਰ ਸਤੇਂਦਰ ਕੁਮਾਰ ਗੁਪਤਾ ਨੇ ਐਲਾਨ ਕੀਤਾ ਕਿ ਇਸ ਮਾਡਿਊਲ ਵਿੱਚ ਕਥਿਤ ਤੌਰ 'ਤੇ ਸ਼ਾਮਲ ਇੱਕ ਹੋਰ ਡਾਕਟਰ, ਡਾਕਟਰ ਮੁਜ਼ਮਿਲ ਅਹਿਮਦ ਗਨਾਈ, ਜੋ ਕਿ ਫਰੀਦਾਬਾਦ ਦੀ ਇੱਕ ਯੂਨੀਵਰਸਿਟੀ ਵਿੱਚ ਕੰਮ ਕਰਦਾ ਸੀ, ਨੂੰ ਜੰਮੂ ਅਤੇ ਕਸ਼ਮੀਰ ਪੁਲਿਸ ਨਾਲ ਇੱਕ ਸਾਂਝੇ ਆਪ੍ਰੇਸ਼ਨ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।ਪੁਲਿਸ ਨੇ ਅਜੇ ਤੱਕ "ਅੱਤਵਾਦੀ ਮਾਡਿਊਲ" ਵਿੱਚ ਇਨ੍ਹਾਂ ਡਾਕਟਰਾਂ ਦੀ ਭੂਮਿਕਾ ਬਾਰੇ ਵੇਰਵੇ ਨਹੀਂ ਦਿੱਤੇ ਹਨ। ਉਪਲਬਧ ਜਾਣਕਾਰੀ ਦੇ ਆਧਾਰ 'ਤੇ, ਦੋਵਾਂ ਵਿੱਚੋਂ ਕਿਸੇ ਵੀ ਡਾਕਟਰ ਦਾ ਪਹਿਲਾਂ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ।ਜੰਮੂ ਅਤੇ ਕਸ਼ਮੀਰ ਪੁਲਿਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਮਾਡਿਊਲ ਪਾਬੰਦੀਸ਼ੁਦਾ ਜੈਸ਼-ਏ-ਮੁਹੰਮਦ ਅਤੇ ਅੰਸਾਰ ਗਜ਼ਵਤ-ਉਲ-ਹਿੰਦ ਅੱਤਵਾਦੀ ਸੰਗਠਨਾਂ ਨਾਲ ਜੁੜਿਆ ਹੋਇਆ ਸੀ।ਪੁਲਿਸ ਬਿਆਨ ਵਿੱਚ ਕਿਹਾ ਗਿਆ ਹੈ, "ਇਸ ਤੋਂ ਇਲਾਵਾ, ਕਈ ਹੋਰ ਵਿਅਕਤੀਆਂ ਦੀ ਭੂਮਿਕਾ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਦੀ ਭਾਲ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ।"ਪੁਲਿਸ ਨੇ ਇਹ ਵੀ ਦੱਸਿਆ ਕਿ ਦੋ ਏਕੇ-47 ਰਾਈਫਲਾਂ, ਦੋ ਪਿਸਤੌਲ, ਗੋਲਾ ਬਾਰੂਦ, ਅਤੇ 2,900 ਕਿਲੋਗ੍ਰਾਮ ਬੰਬ ਬਣਾਉਣ ਵਾਲੀ ਸਮੱਗਰੀ", ਦੇ ਨਾਲ-ਨਾਲ "ਅਪਰਾਧਕ ਦਸਤਾਵੇਜ਼ ਅਤੇ ਇਲੈਕਟ੍ਰਾਨਿਕ ਉਪਕਰਣ" ਬਰਾਮਦ ਕੀਤੇ ਗਏ ਹਨ।

ਇਸਨੂੰ "ਵ੍ਹਾਈਟ-ਕਾਲਰ ਅੱਤਵਾਦੀ ਨੈੱਟਵਰਕ" ਦੱਸਦਿਆਂ, ਜੰਮੂ ਅਤੇ ਕਸ਼ਮੀਰ ਪੁਲਿਸ ਨੇ ਕਿਹਾ ਕਿ ਮਾਡਿਊਲ ਦੇ ਮੈਂਬਰ "ਸਿਖਲਾਈ, ਤਾਲਮੇਲ, ਫੰਡਾਂ ਦੀ ਆਵਾਜਾਈ ਅਤੇ ਲੌਜਿਸਟਿਕਲ ਸਹਾਇਤਾ" ਲਈ ਏਨਕ੍ਰਿਪਟਡ ਚੈਨਲਾਂ 'ਤੇ ਨਿਰਭਰ ਕਰਦੇ ਸਨ, ਹਾਲਾਂਕਿ ਉਨ੍ਹਾਂ ਨੇ ਹੋਰ ਵੇਰਵੇ ਨਹੀਂ ਦਿੱਤੇ।

ਪੁਲਿਸ ਬਿਆਨ ਵਿੱਚ ਕਿਹਾ ਗਿਆ ਹੈ, "ਸਮਾਜਿਕ/ਚੈਰੀਟੇਬਲ ਕੰਮ ਦੀ ਆੜ ਵਿੱਚ ਪੇਸ਼ੇਵਰ ਅਤੇ ਅਕਾਦਮਿਕ ਨੈੱਟਵਰਕਾਂ ਰਾਹੀਂ ਫੰਡ ਇਕੱਠੇ ਕੀਤੇ ਗਏ ਸਨ। ਦੋਸ਼ੀ ਵਿਅਕਤੀਆਂ ਦੀ ਪਛਾਣ ਕਰਨ, ਉਨ੍ਹਾਂ ਨੂੰ ਕੱਟੜਪੰਥੀ ਬਣਾਉਣ, ਅੱਤਵਾਦੀ ਸੰਗਠਨਾਂ ਵਿੱਚ ਭਰਤੀ ਕਰਨ, ਫੰਡ ਇਕੱਠਾ ਕਰਨ, ਲੌਜਿਸਟਿਕਸ ਦਾ ਪ੍ਰਬੰਧ ਕਰਨ ਅਤੇ ਆਈਈਡੀ ਤਿਆਰ ਕਰਨ ਲਈ ਹਥਿਆਰ/ਗੋਲਾ ਬਾਰੂਦ ਅਤੇ ਸਮੱਗਰੀ ਪ੍ਰਾਪਤ ਕਰਨ ਵਿੱਚ ਸ਼ਾਮਲ ਪਾਏ ਗਏ ਸਨ।"ਹਾਲਾਂਕਿ, ਬਿਆਨ ਵਿੱਚ ਕਥਿਤ ਅੱਤਵਾਦੀ ਗਤੀਵਿਧੀਆਂ ਵਿੱਚ ਸ਼ਾਮਲ "ਅਕਾਦਮਿਕ ਨੈੱਟਵਰਕ" ਦੇ ਵੇਰਵੇ ਨਹੀਂ ਦਿੱਤੇ ਗਏ।

ਇਸ ਦੌਰਾਨ, ਮੰਗਲਵਾਰ (11 ਨਵੰਬਰ) ਨੂੰ ਮੀਡੀਆ ਰਿਪੋਰਟਾਂ ਵਿੱਚ, ਅਣਪਛਾਤੇ ਦਿੱਲੀ ਪੁਲਿਸ ਅਧਿਕਾਰੀਆਂ ਦੇ ਹਵਾਲੇ ਨਾਲ, ਦਾਅਵਾ ਕੀਤਾ ਗਿਆ ਹੈ ਕਿ ਦੱਖਣੀ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਦੇ ਵਸਨੀਕ, ਡਾਕਟਰ ਉਮਰ-ਉਨ-ਨਬੀ, ਹੁੰਡਈ ਆਈ 20 ਕਾਰ ਚਲਾ ਰਹੇ ਸਨ ਜਿਸ ਵਿੱਚ ਧਮਾਕਾ ਹੋਇਆ ਸੀ।ਇੱਕ ਹੋਰ ਰਿਪੋਰਟ ਵਿੱਚ ਉਸਦੀ ਪਛਾਣ ਡਾਕਟਰ ਉਮਰ ਮੁਹੰਮਦ ਵਜੋਂ ਹੋਈ ਹੈ, ਜੋ ਫਰੀਦਾਬਾਦ ਦੀ ਇੱਕ ਯੂਨੀਵਰਸਿਟੀ ਵਿੱਚ ਕੰਮ ਕਰਦਾ ਸੀ।

ਇਸ ਸਬੰਧ ਵਿੱਚ, ਸੋਮਵਾਰ ਸ਼ਾਮ ਨੂੰ ਲਾਲ ਕਿਲ੍ਹਾ ਖੇਤਰ ਵਿੱਚ ਇੱਕ ਸੀਸੀਟੀਵੀ ਕੈਮਰੇ ਨੇ ਇੱਕ ਕਾਰ ਕੈਦ ਕੀਤੀ, ਜਿਸ ਵਿੱਚ ਧਮਾਕੇ ਤੋਂ ਪਹਿਲਾਂ ਇੱਕ ਵਿਅਕਤੀ ਗੱਡੀ ਚਲਾਉਂਦਾ ਦਿਖਾਇਆ ਗਿਆ ਹੈ।ਧਮਾਕੇ ਦੀ ਆਵਾਜ਼ ਦੋ ਕਿਲੋਮੀਟਰ ਤੋਂ ਵੱਧ ਦੂਰ ਤੱਕ ਸੁਣਾਈ ਦਿੱਤੀ।ਹਰਿਆਣਾ ਵਿੱਚ ਰਜਿਸਟਰਡ ਇਹ ਕਾਰ ਡਾਕਟਰ ਨਬੀ ਦੁਆਰਾ ਖਰੀਦਣ ਤੋਂ ਪਹਿਲਾਂ ਕਈ ਵਾਰ ਮਾਲਕਾਂ ਨੂੰ ਬਦਲਦੀ ਮੰਨੀ ਜਾਂਦੀ ਹੈ।

ਮੰਗਲਵਾਰ ਨੂੰ ਦੱਖਣੀ ਕਸ਼ਮੀਰ ਦੇ ਸੰਬੂਰਾ ਵਿੱਚ ਇੱਕ ਕਾਰ ਦੀ ਮਾਲਕੀ ਦੀ ਜਾਂਚ ਦੇ ਸਬੰਧ ਵਿੱਚ ਦੋ ਭਰਾਵਾਂ ਸਮੇਤ ਤਿੰਨ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ।ਅੱਤਵਾਦੀ ਮਾਡਿਊਲ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਹੋਰ ਮੁਲਜ਼ਮਾਂ ਵਿੱਚ ਸ੍ਰੀਨਗਰ ਦੇ ਨੌਗਾਮ ਦੇ ਰਹਿਣ ਵਾਲੇ ਆਰਿਫ਼ ਨਿਸਾਰ ਡਾਰ, ਯਾਸੀਰ-ਉਲ-ਅਸ਼ਰਫ਼ ਅਤੇ ਮਕਸੂਦ ਅਹਿਮਦ ਡਾਰ ਸ਼ਾਮਲ ਹਨ; ਸ਼ੋਪੀਆਂ ਦਾ ਰਹਿਣ ਵਾਲਾ ਇਰਫਾਨ ਅਹਿਮਦ, ਜਿਸਨੇ ਇੱਕ ਸਥਾਨਕ ਮਸਜਿਦ ਵਿੱਚ ਨਮਾਜ਼ ਦੀ ਅਗਵਾਈ ਕੀਤੀ; ਅਤੇ ਗੰਦਰਬਲ ਦਾ ਰਹਿਣ ਵਾਲਾ ਜ਼ਮੀਰ ਅਹਿਮਦ ਅਹੰਗਰ।ਇਨਾ ਮੁਲਜ਼ਿਮਾਂ ਦੇ ਪਰਿਵਾਰ ਇਨ੍ਹਾਂ ਗ੍ਰਿਫ਼ਤਾਰੀਆਂ 'ਤੇ ਸਵਾਲ ਚੁੱਕ ਰਹੇ ਹਨ।

ਦੱਖਣੀ ਕਸ਼ਮੀਰ ਦੇ ਪੁਲਵਾਮਾ ਦੇ ਰਹਿਣ ਵਾਲੇ ਡਾਕਟਰ ਉਮਰ ਨਬੀ ਨੂੰ ਦਿੱਲੀ ਦੇ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਨੇੜੇ ਹੋਏ ਕਾਰ ਧਮਾਕੇ ਦਾ ਮੁੱਖ ਸ਼ੱਕੀ ਦੱਸਿਆ ਜਾ ਰਿਹਾ ਹੈ।ਉਨ੍ਹਾਂ ਦੇ ਪਰਿਵਾਰ ਨੇ ਇਸ 'ਤੇ ਹੈਰਾਨੀ ਪ੍ਰਗਟ ਕੀਤੀ ਹੈ ਅਤੇ ਕਿਹਾ ਹੈ ਕਿ ਡਾਕਟਰ ਉਮਰ ਬੇਕਸੂਰ ਹਨ ਅਤੇ ਉਹ ਪਿਛਲੇ ਕਈ ਮਹੀਨਿਆਂ ਤੋਂ ਆਪਣੇ ਕੰਮ ਵਿੱਚ ਰੁੱਝੇ ਹੋਏ ਸਨ।

ਜਾਂਚ ਏਜੰਸੀਆਂ ਮੁਤਾਬਕ, 34 ਸਾਲਾ ਡਾਕਟਰ ਨਬੀ ਉਹ ਵਿਅਕਤੀ ਹੈ ਜੋ ਕਥਿਤ ਤੌਰ 'ਤੇ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਦੀ ਪਾਰਕਿੰਗ ਦੇ ਨੇੜੇ ਧਮਾਕਾ ਹੋਣ ਵਾਲੀ ਚਿੱਟੀ ਹੁੰਡਈ ਆਈ20 ਕਾਰ ਚਲਾ ਰਹੇ ਸਨ।ਪੀਟੀਆਈ ਦੀ ਇੱਕ ਰਿਪੋਰਟ ਦੇ ਮੁਤਾਬਕ, ਪੁਲਵਾਮਾ ਵਿੱਚ ਡਾਕਟਰ ਮੁਜ਼ੱਮਿਲ ਦੇ ਭਰਾ ਆਜ਼ਾਦ ਸ਼ਕੀਲ ਨੇ ਕਿਹਾ ਕਿ ਉਨ੍ਹਾਂ ਉੱਤੇ ਝੂਠੇ ਇਲਜ਼ਾਮ ਲਗਾਏ ਜਾ ਰਹੇ ਹਨ। ਉਹ ਪਿਛਲੇ ਤਿੰਨ ਸਾਲਾਂ ਤੋਂ ਦਿੱਲੀ ਵਿੱਚ ਡਾਕਟਰ ਹੈ।"ਉਨ੍ਹਾਂ ਨੇ ਕਿਹਾ ਕਿ ਉਸਨੂੰ ਆਪਣੇ ਭਰਾ ਨੂੰ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਸੀ। ਉਹ ਸਾਲ ਵਿੱਚ ਦੋ ਵਾਰ ਘਰ ਆਉਂਦਾ ਸੀ।ਆਮ ਚਰਚਾ ਹੈ ਕਿ ਪਹਿਲਾਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਫਿਰ ਧਮਾਕੇ,ਜਿਸਤੇ ਸਵਾਲ ਖੜ੍ਹੇ ਹੋ ਰਹੇ ਹਨ।ਦਰਅਸਲ ਪਹਿਲਾਂ ਗ੍ਰਿਫਤਾਰੀਆਂ ਕਰਕੇ ਇਨਾ ਲੋਕਾ ਨੂੰ ਧਮਾਕੇ ਨਾਲ ਜੋੜ ਕੇ ਫਸਾਇਆ ਜਾ ਰਿਹਾ ਹੈ।

ਭੂਟਾਨ ਦੇ ਦੌਰੇ 'ਤੇ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਿੱਲੀ ਧਮਾਕੇ ਦੀ ਘਟਨਾ 'ਤੇ ਕਿਹਾ, "ਇਸ ਧਮਾਕੇ ਦੀ ਸਾਜ਼ਿਸ਼ ਰਚਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਜ਼ਿੰਮੇਵਾਰ ਸਾਰੇ ਲੋਕਾਂ ਨੂੰ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ।"

ਇਸ ਦੌਰਾਨ, ਵਿਰੋਧੀ ਧਿਰ ਨੇ ਇਸ ਘਟਨਾ ਨੂੰ ਲੈ ਕੇ ਕੇਂਦਰ ਸਰਕਾਰ ਨੂੰ ਘੇਰਿਆ ਹੈ।ਕਾਂਗਰਸ ਦੇ ਸਪੋਕਸਵੂਮੈਨ ਸੁਪ੍ਰੀਆ ਸ਼੍ਰੀਨੇਤ ਨੇ ਟਵਿੱਟਰ 'ਤੇ ਲਿਖਿਆ, "ਕੱਲ੍ਹ ਹੀ, ਫਰੀਦਾਬਾਦ ਵਿੱਚ 360 ਕਿਲੋਗ੍ਰਾਮ ਵਿਸਫੋਟਕ ਜ਼ਬਤ ਕੀਤਾ ਗਿਆ ਸੀ। ਇਹ ਉੱਥੇ ਕਿਵੇਂ ਪਹੁੰਚਿਆ? ਇਹ ਕਿੰਨੀ ਵੱਡੀ ਅਣਹੋਣੀ ਦਾ ਕਾਰਨ ਹੋ ਸਕਦਾ ਸੀ।"ਉਨ੍ਹਾਂ ਕਿਹਾ, " ਪਹਿਲਾਂ ਵੀ ਚੋਣਾਂ ਸਮੇਂ ਪੁਲਬਾਮਾ ਵਿੱਚ ਇੱਕ ਭਿਆਨਕ ਅੱਤਵਾਦੀ ਹਮਲਾ ਹੋਇਆ ਸੀ।ਬਿਹਾਰ ਚੋਣਾਂ ਸਮੇਂ ਇਹ ਦਿੱਲੀ ਵਿੱਚ ਹੋਇਆ ਹੈ, ਜ਼ਿੰਮੇਵਾਰ ਕੌਣ ਹੈ? ਗ੍ਰਹਿ ਮੰਤਰੀ ਕਿੱਥੇ ਹਨ? ਪ੍ਰਧਾਨ ਮੰਤਰੀ ਕਿੱਥੇ ਹਨ?"

ਪੁਲਿਸ ਪ੍ਰਸ਼ਾਸਨ ਨੇ ਹਮਲੇ ਸੰਬੰਧੀ ਕੋਈ ਸਪੱਸ਼ਟ ਬਿਆਨ ਜਾਰੀ ਨਹੀਂ ਕੀਤਾ ਹੈ। ਹਾਲਾਂਕਿ, ਦਿੱਲੀ ਪੁਲਿਸ ਕਮਿਸ਼ਨਰ ਨੇ ਕਿਹਾ ਹੈ ਕਿ ਕਈ ਏਜੰਸੀਆਂ ਇਸ ਘਟਨਾ ਦੀ ਜਾਂਚ ਕਰ ਰਹੀਆਂ ਹਨ।

ਫੋਰੈਂਸਿਕ ਸਾਇੰਸ ਲੈਬਾਰਟਰੀ ਦੇ ਅਧਿਕਾਰੀ ਮੁਹੰਮਦ ਵਾਹਿਦ ਨੇ ਪੱਤਰਕਾਰਾਂ ਨੂੰ ਦੱਸਿਆ, "ਘਟਨਾ ਵਾਲੀ ਥਾਂ ਤੋਂ ਇਕੱਠੇ ਕੀਤੇ ਗਏ ਨਮੂਨਿਆਂ ਨੂੰ ਲੈਬ ਵਿੱਚ ਭੇਜਿਆ ਜਾ ਰਿਹਾ ਹੈ। ਉਸ ਤੋਂ ਬਾਅਦ ਹੀ ਸਾਨੂੰ ਹੋਰ ਜਾਣਕਾਰੀ ਮਿਲੇਗੀ। ਅਸੀਂ ਨਮੂਨਿਆਂ ਦੀ ਜਾਂਚ ਕਰਨ ਤੋਂ ਬਾਅਦ ਹੀ ਕਿਸੇ ਸਿੱਟੇ 'ਤੇ ਪਹੁੰਚ ਸਕਾਂਗੇ।"

ਮੀਡੀਆ ਵਿੱਚ ਧਮਾਕੇ ਬਾਰੇ ਕਈ ਤਰ੍ਹਾਂ ਦੀਆਂ ਅਟਕਲਾਂ ਸਨ। ਕੁਝ ਚਸ਼ਮਦੀਦਾਂ ਨੇ ਤਾਂ ਇਹ ਵੀ ਦਾਅਵਾ ਕੀਤਾ ਕਿ ਧਮਾਕਾ ਸੀਐੱਨਜੀ ਕਾਰਨ ਹੋਇਆ ਸੀ, ਹਾਲਾਂਕਿ ਪੁਲਿਸ ਨੇ ਅਧਿਕਾਰਤ ਤੌਰ 'ਤੇ ਇਸਦੀ ਪੁਸ਼ਟੀ ਨਹੀਂ ਕੀਤੀ ਹੈ।"ਇਸ ਧਮਾਕੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਸ ਦੇ ਮੁਲਾਂਕਣ ਤੋਂ ਬਾਅਦ ਜਲਦੀ ਹੀ ਇਸ ਬਾਰੇ ਜਾਣਕਾਰੀ ਦਿੱਤੀ ਜਾਵੇਗੀ।"



ਪਰ ਕਾਰ ਧਮਾਕੇ ਦੇ ਕਾਰਨਾਂ ਬਾਰੇ ਅਜੇ ਤੱਕ ਕੋਈ ਸਪੱਸ਼ਟ ਜਾਣਕਾਰੀ ਸਾਹਮਣੇ ਨਹੀਂ ਆਈ ਹੈ ਕਿ ਇਹ ਕਿਵੇਂ ਹੋਇਆ?ਕੀ ਕਾਰ ਵਿੱਚ ਪਹਿਲਾਂ ਤੋਂ ਹੀ ਕੋਈ ਵਿਸਫੋਟਕ ਸਮੱਗਰੀ ਜਾਂ ਬੰਬ ਰੱਖਿਆ ਹੋਇਆ ਸੀ?ਕੀ ਕਾਰ ਦੀ ਤੇਲ ਵਾਲੀ ਟੈਂਕੀ ਜਾਂ ਸੀਐੱਨਜੀ ਟੈਂਕ ਫਟ ਗਿਆ, ਜਿਸ ਨੇ ਨੇੜਲੇ ਹੋਰ ਵਾਹਨਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ?

ਕੀ ਕਾਰ ਵਿੱਚ ਸਵਾਰ ਲੋਕਾਂ ਨੂੰ ਪਹਿਲਾਂ ਤੋਂ ਕੋਈ ਜਾਣਕਾਰੀ ਸੀ? ਇਸ ਬਾਰੇ ਅਜੇ ਕੁਝ ਵੀ ਸਪੱਸ਼ਟ ਨਹੀਂ ਹੈ।ਕਈ ਮੀਡੀਆ ਆਊਟਲੈਟਸ ਰਿਪੋਰਟ ਕਰ ਰਹੇ ਹਨ ਕਿ ਕਾਰ ਕਈ ਘੰਟਿਆਂ ਤੋਂ ਉਸ ਖੇਤਰ ਵਿੱਚ ਸੀ ਜਿੱਥੇ ਧਮਾਕਾ ਹੋਇਆ ਸੀ। ਕਿਹਾ ਜਾ ਰਿਹਾ ਹੈ ਕਿ ਕਾਰ ਇੱਕ ਪਾਰਕਿੰਗ ਵਿੱਚ ਖੜ੍ਹੀ ਸੀ ਅਤੇ ਧਮਾਕੇ ਤੋਂ ਥੋੜ੍ਹੀ ਦੇਰ ਪਹਿਲਾਂ ਹੌਲੀ-ਹੌਲੀ ਚੱਲਣ ਲੱਗੀ ਸੀ ਅਤੇ ਧਮਾਕੇ ਵਾਲੀ ਜਗ੍ਹਾ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਦੇ ਬਹੁਤ ਨੇੜੇ ਸੀ।ਇਹ ਸਵਾਲ ਵੀ ਉੱਠਦਾ ਹੈ ਕਿ ਕੀ ਧਮਾਕਾ ਘਟਨਾ ਵਾਲੀ ਥਾਂ 'ਤੇ ਗ਼ਲਤੀ ਨਾਲ ਹੋਇਆ ਸੀ ਜਾਂ ਇਹ ਜਾਣਬੁੱਝ ਕੇ ਉੱਥੇ ਹੀ ਕੀਤਾ ਗਿਆ ਸੀ।ਜੇਕਰ ਇਹ ਜਾਣਬੁੱਝ ਕੇ ਕੀਤਾ ਗਿਆ ਧਮਾਕਾ ਸੀ, ਤਾਂ ਨਿਸ਼ਾਨਾ ਕੌਣ ਸੀ? ਕੀ ਸਿਰਫ਼ ਆਮ ਨਾਗਰਿਕ ਹੀ ਨਿਸ਼ਾਨਾ ਸਨ? ਜੇਕਰ ਅਤਿਵਾਦੀ ਮਡਿਊਲ ਬਹੁਤ ਵੱਡਾ ਨੈੱਟ ਵਰਕ ਸੀ ਤਾ ਉਨਾ ਨੇ ਆਮ ਲੋਕਾਂ ਵਿੱਚ ਮਨੁਖੀ ਬੰਬ ਰੱਖਕੇ ਧਮਾਕਾ ਕਿਉਂ ਕੀਤਾ ਮਨੁਖੀ ਬੰਬ ਲਈ ਤਾਂ ਵੱਡਾ ਆਗੂ ਨਿਸ਼ਾਨੇ ਤੇ ਹੋਣਾ ਚਾਹੀਦਾ ਸੀ।ਕੀ ਇਹ ਬਿਹਾਰ ਵੋਟਾਨੂੰ ਪ੍ਰਭਾਵਿਤ ਕਰਨ ਲਈ ਸੀ ਜਿਵੇਂ ਪੁਲਬਾਮਾ ਵਿੱਚ ਹੋਇਆ ਸੀ। ਕੀ ਘਟਨਾ ਦੇ ਤਾਰ ਸਥਾਨਕ ਪੱਧਰ 'ਤੇ ਹੀ ਜੁੜੇ ਹੋਏ ਸਨ ਜਾਂ ਸੂਬਾ ਜਾਂ ਦੇਸ਼ ਤੋਂ ਬਾਹਰ ਇਸ ਦਾ ਕੋਈ ਸਬੰਧ ਸੀ?ਇਨ੍ਹਾਂ ਸਾਰੀਆਂ ਗੱਲਾਂ ਬਾਰੇ ਜਾਣਕਾਰੀ ਅਜੇ ਪ੍ਰਾਪਤ ਨਹੀਂ ਹੋਈ ਹੈ।ਸੁਰਖਿਆਂ ਏਜੰਸੀਆਂ ਨੂੰ ਇਨਾ ਸੁਆਲਾਂ ਦੇ ਜਵਾਬ ਲੱਭਣੇਂ ਪੈਣਗੇ ਤਾਂ ਕਿ ਦਿੱਲੀ ਦੇ ਲੋਕ ਅਤੇ ਸਮੂਹ ਭਾਰਤੀ ਸਚਾਈ ਜਾਣ ਸਕਣ।ਨਹੀਂ ਤਾਂ ਮੁਸਲਮਾਨਾ ਨੂੰ ਬਦਨਾਮ ਕਰਨ ਦੀ ਗਹਿਰੀ ਸ਼ਾਜਿਸ ਹੀ ਲੋਕ ਸਮਝਣਗੇ।

# ਸਰੀ 'ਚ ਪੰਜਾਬੀ ਕਾਰੋਬਾਰੀ ਦੇ ਘਰ 'ਤੇ ਚੱਲੀਆਂ ਗੋਲੀਆਂ

ਸਰੀ: ਕੈਨੇਡਾ ਵਿਚ ਭਾਰਤੀ ਕਾਰੋਬਾਰੀਆਂ ਦੇ ਘਰਾਂ ਉਤੇ ਗੋਲੀਆਂ ਚਲਾਉਣ ਵਾਲੇ ਲਗਾਤਾਰ ਸਰਗਰਮ ਹਨ ਅਤੇ ਸਰੀ ਵਿਖੇ ਦਿਨ-ਦਿਹਾੜੇ ਹੋਈ ਗੋਲਬਾਰੀ ਨੂੰ ਐਕਸਟੌਰਸ਼ਨ ਨਾਲ ਸਬੰਧਤ ਦੱਸਿਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਸ਼ਹਿਰ ਦੇ 32ਵੇਂ ਐਵੇਨਿਊ ਦੇ 1700 ਬਲਾਕ ਵਿਚ ਸ਼ਨਿੱਚਰਵਾਰ ਸਵੇਰੇ ਤਕਰੀਬਨ 8.40 ਵਜੇ ਗੋਲੀਆਂ ਚੱਲਣ ਦੀ ਇਤਲਾਹ ਮਿਲੀ ਅਤੇ ਹਮਲਾਵਰ ਨੇ 12 ਤੋਂ ਵੱਧ ਫਾਇਰ ਕੀਤੇ। ਗੋਲੀਬਾਰੀ ਦੌਰਾਨ ਘਰ ਵਿਚ ਕੰਮ ਕਰ ਰਿਹਾ ਮਾਲੀ ਜ਼ਖਮੀ ਹੋ ਗਿਆ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।ਇਸ ਸਬੰਧੀ ਬੀ.ਸੀ. ਐਕਸਟੌਰਸ਼ਨ ਟਾਸਕ ਫ਼ੋਰਸ ਨੂੰ ਸੌਂਪੀ ਗਈ ਹੈ। ਉਧਰ ਦਰਸ਼ਨ ਸਾਹਸੀ ਨਮਿਤ ਸ਼ਰਧਾਂਜਲੀ ਸਮਾਗਮ ਦੌਰਾਨ ਬੀ.ਸੀ. ਦੀ ਨਿਆਂ ਮੰਤਰੀ ਨੀਨਾ ਕ੍ਰੀਗਰ ਨੇ ਕਿਹਾ ਕਿ ਜਬਰੀ ਵਸੂਲੀ ਦੇ ਮਾਮਲਿਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾ ਰਿਹਾ ਹੈ ਅਤੇ ਪਿਛਲੇ ਦਿਨੀਂ ਜਿਥੇ ਤਿੰਨ ਜਣੇ ਡਿਪੋਰਟ ਕਰ ਦਿਤੇ ਗਏ, ਉਥੇ ਸੱਤ ਜਣਿਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਸ਼ਰਧਾਂਜਲੀ ਸਮਾਗਮ ਦੌਰਾਨ ਦਰਸ਼ਨ ਸਾਹਸੀ ਦੇ ਪੁੱਤਰਾਂ ਨੇ ਕਿਹਾ ਕਿ ਗੋਲੀਬਾਰੀ ਵਾਲੇ ਦਿਨ ਤੋਂ ਪਹਿਲਾਂ ਕਦੇ ਵੀ ਉਨ੍ਹਾਂ ਦੇ ਪਿਤਾ ਨੂੰ ਐਕਸਟੌਰਸ਼ਨ ਧਮਕੀਆਂ ਨਹੀਂ ਸਨ ਆਈਆਂ।

AKAL TRAVEL
ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ ਘੱਟ ਕਿਰਾਏ ਲਈ ਸੰਪਰਕ ਕਰੋ


We Represent All Major Airline
We Will Beat Or Match Any Price
Seattle to Delhi : $785
We Issue The Ticket From India Also
Delhi Bombay Special
Ask For Detail
WE ALSO DO : * NOTARY * VISA * PASSPORT * TRANSLATION
PHONE : 253-852-1984, 253-852-1985
24 HOUR EMERGENCY SERVICE 206-370-9480
TOLL FREE : 1-800-828-8543
EMAIL : FLY@AKALTRAVEL.COM
HOURS : MON TO SAT 9AM TO 7PM AND SUN 1PMTO 6PM

# ਟਰੰਪ ਪ੍ਰਸ਼ਾਸਨ ਨੇ ਹੁਣ ਤੱਕ 80000 ਗੈਰ ਪ੍ਰਵਾਸੀ ਵੀਜੇ ਕੀਤੇ ਰੱਦ

ਸੈਕਰਾਮੈਂਟੋ (ਹੁਸਨ ਲੜੋਆ ਬੰਗਾ):ਟਰੰਪ ਪ੍ਰਸ਼ਾਸਨ 20 ਜਨਵਰੀ 2025 ਨੂੰ ਸੱਤਾ ਸੰਭਾਲਣ ਉਪਰੰਤ ਹੁਣ ਤੱਕ ਅੰਦਾਜਨ 80000 ਗੈਰ ਪ੍ਰਵਾਸੀ ਵੀਜ਼ੇ ਰੱਦ ਕਰ ਚੁੱਕਾ ਹੈ। ਇਹ ਜਾਣਕਾਰੀ ਅਮਰੀਕੀ ਵਿਦੇਸ਼ ਵਿਭਾਗ ਦੇ ਇਕ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉਪਰ ਦਿੱਤੀ ਹੈ। ਉਸ ਨੇ ਕਿਹਾ ਹੈ ਕਿ ਜਿਨਾਂ ਲੋਕਾਂ ਦੇ ਵੀਜੇ ਰੱਦ ਕੀਤੇ ਗਏ ਹਨ ਉਨਾਂ ਵਿੱਚ 16000 ਵੀਜੇ ਨਸ਼ਾ ਕਰਕੇ ਗੱਡੀ ਚਲਾਉਣ ਵਾਲਿਆਂ, 12000 ਹਮਲੇ ਕਰਨ ਤੇ 8000 ਵੀਜੇ ਚੋਰੀ ਕਰਨ ਵਾਲਿਆਂ ਦੇ ਸ਼ਾਮਿਲ ਹਨ। ਵਿਦੇਸ਼ ਵਿਭਾਗ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਅਪਰਾਧਕ ਗਤੀਵਿਧੀਆਂ ਤੋਂ ਇਲਾਵਾ ਹੋਰ ਲੋਕਾਂ ਦੇ ਵੀ ਵੀਜੇ ਰੱਦ ਕੀਤੇ ਗਏ ਹਨ। ਬੁਲਾਰੇ ਨੇ ਕਿਹਾ ਹੈ ਕਿ 6000 ਤੋਂ ਵਧ ਵਿਦਿਆਰਥੀਆਂ ਦੇ ਵੀਜੇ ਮਿਆਦ ਖਤਮ ਹੋਣ ਦੇ ਬਾਵਜੂਦ ਅਮਰੀਕਾ ਵਿੱਚ ਟਿਕੇ ਰਹਿਣ ਕਾਰਨ ਰੱਦ ਕੀਤੇ ਗਏ ਹਨ। ਇਸ ਤੋਂ ਇਲਾਵਾ ਉਨਾਂ ਲੋਕਾਂ ਦੇ ਵੀਜੇ ਵੀ ਰੱਦ ਕੀਤੇ ਗਏ ਹਨ ਜਿਨਾਂ ਦੀਆਂ ਸੋਸ਼ਲ ਮੀਡੀਆ ਉਪਰ ਟਿੱਪਣੀਆਂ ਸਰਕਾਰ ਨੂੰ ਰਾਸ ਨਹੀਂ ਆਈਆਂ।

## ਅਮਰੀਕੀ ਸੈਨੇਟ ਵੱਲੋਂ ਸ਼ੱਟਡਾਊਨ ਖ਼ਾਤਮੇ ਲਈ ਬਿੱਲ ਮਨਜ਼ੂਰ

ਵਾਸਿੰਗਟਨ:-ਅਮਰੀਕੀ ਸੰਸਦ ਦੇ ਉੱਪਰਲੇ ਸਦਨ ਸੈਨੇਟ ਨੇ ਸਰਕਾਰੀ ਸ਼ੱਟਡਾਊਨ ਖਤਮ ਕਰਨ ਲਈ ਸੋਮਵਾਰ ਨੂੰ ਬਿੱਲ ਪਾਸ ਕਰ ਦਿੱਤਾ ਤੇ ਇਸ ਦੇ ਨਾਲ ਹੀ ਇਤਿਹਾਸ ਦਾ ਸਭ ਤੋਂ ਲੰਮਾ ਸ਼ੱਟਡਾਊਨ ਖ਼ਤਮ ਹੋਣ ਦੇ ਨੇੜੇ ਪਹੁੰਚ ਗਿਆ। ਡੈਮੋਕਰੈਟਾਂ ਦੇ ਛੋਟੇ ਗਰੁੱਪ ਨੇ ਆਪਣੀ ਪਾਰਟੀ ਵਿੱਚ ਤਿੱਖੀ ਆਲੋਚਨਾ ਦੇ ਬਾਵਜੂਦ ਰਿਪਬਲਿਕਨਾਂ ਨਾਲ ਸਮਝੌਤੇ ਦੀ ਪੁਸ਼ਟੀ ਕੀਤੀ ਜਿਸ ਦੀ ਮਦਦ ਨਾਲ ਬਿੱਲ ਪਾਸ ਹੋਇਆ। ਲੰਘੇ 41 ਦਿਨਾਂ ਤੋਂ ਜਾਰੀ ਸ਼ੱਟਡਾਊਨ ਕੁਝ ਹੋਰ ਦਿਨ ਜਾਰੀ ਰਹਿ ਸਕਦਾ ਹੈ ਕਿਉਂਕਿ ਸੰਸਦ ਦੇ ਹੇਠਲੇ ਸਦਨ (ਪ੍ਰਤੀਨਿਧ ਸਭਾ) ਦੇ ਮੈਂਬਰ ਸਤੰਬਰ ਦੇ ਅੱਧ ਤੋਂ ਛੁੱਟੀ ਫ਼ਰਸਤੁੱਤੇ ਹਨ। ਉਹ ਬਿੱਲ ‘ਤੇ ਮਤਦਾਨ ਲਈ ਵਾਸ਼ਿੰਗਟਨ ਮੁੜਨਗੇ। ਰਾਸ਼ਟਰਪਤੀ ਡੋਨਲਡ ਟਰੰਪ ਨੇ ਬਿੱਲ ਦੀ ਹਮਾਇਤੀ ‘ਚ ਸੰਕੇਤ ਦਿੰਦਿਆਂ ਸੋਮਵਾਰ ਨੂੰ ਕਿਹਾ ਸੀ,ਅਸੀਂ ਜਲਦੀ ਹੀ ਸ਼ੱਟਡਾਊਨ ਖਤਮ ਕਰਾਂਗੇ। ਦਰਅਸਲ ਡੈਮੋਕ੍ਰੈਟਿਕ ਆਗੂਆਂ ਦੇ ਇੱਕ ਗਰੁੱਪ ਨੇ ਸਿਹਤ ਦੇਖਭਾਲ ਸਬਸਿਡੀ ਦੇ ਵਿਸਥਾਰ ਦੀ ਗਾਰੰਟੀ ਤੋਂ ਬਿਨਾਂ ਚਰਚਾ ਕਰਨ ਤੇ ਸਹਿਮਤੀ ਜਤਾਈ, ਜਿਸ ‘ਤੇ ਪਾਰਟੀ ਦੇ ਕਈ ਮੈਂਬਰ ਨਾਰਾਜ਼ ਹੋ ਗਏ। ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਅਮਰੀਕੀ ਲੋਕ ਚਾਹੁੰਦੇ ਹਨ ਕਿ ਸਬਸਿਡੀ ਨੂੰ ਲੈ ਕੇ ਲੜਾਈ ਜਾਰੀ ਰੱਖੀ ਜਾਵੇ। ਸੈਨੇਟ ਵਿੱਚ ਸਰਕਾਰ ਦੇ ਕੰਮਕਾਜ ਨੂੰ ਵਿੱਤੀ ਫੰਡਿੰਗ ਕਰਨ ਦੇ ਮਕਸਦ ਨਾਲ ਸਮਝੌਤਾ ਬਿੱਲ 40 ਦੇ ਮੁਕਾਬਲੇ 60 ਵੋਟਾਂ ਨਾਲ ਪਾਸ ਹੋ ਗਿਆ। ਡੈਮੋਕਰੈਟ ਆਗੂ ਮੰਗ ਕਰ ਰਹੇ ਸਨ ਕਿ ਰਿਪਬਲਿਕਨ ਆਗੂ ਪਹਿਲੀ ਜਨਵਰੀ ਨੂੰ ਖਤਮ ਹੋ ਰਹੇ ਸਿਹਤ ਦੇਖਭਾਲ ਟੈਕਸ ਕਰੈਡਿਟ ਦੀ ਮਿਆਦ ਵਧਾਉਣ ਲਈ ਉਨ੍ਹਾਂ ਨਾਲ ਗੱਲਬਾਤ ਕਰਨ ਪਰ ਰਿਪਬਲਿਕਨ ਆਗੂਆਂ ਨੇ ਅਜਿਹਾ ਨਹੀਂ ਕੀਤਾ। ਇਸੇ ਦੌਰਾਨ ਪ੍ਰਤੀਨਿਧ ਸਭਾ ਦੇ ਸਪੀਕਰ ਮਾਈਕ ਜੌਹਨਸਨ ਨੇ ਸੰਸਦ ਮੈਂਬਰਾਂ ਨੂੰ ਤਰੁੰਤ ਵਾਸ਼ਿੰਗਟਨ ਮੁੜਨ ਦੀ ਅਪੀਲ ਕੀਤੀ ਹੈ।

## ਟਰੰਪ ਨੇ ਆਖ਼ਰਕਾਰ ਮੰਨਿਆ, ਪ੍ਰਵਾਸੀਆਂ ਤੋਂ ਬਗੈਰ ਅੱਗੇ ਨਹੀਂ ਵਧ ਸਕਦੇ

ਵਾਸ਼ਿੰਗਟਨ: ਪ੍ਰਵਾਸੀਆਂ ਲਈ ਅਮਰੀਕਾ ਦੇ ਦਰਵਾਜ਼ੇ ਬੰਦ ਕਰਨ ਮਗਰੋਂ ਰਾਸ਼ਟਰਪਤੀ ਡੌਨਲਡ ਟਰੰਪ ਨੇ ਪਹਿਲੀ ਵਾਰ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕੀਤੇ ਜਾਣ ’ਤੇ ਅਫ਼ਸੋਸ ਜ਼ਾਹਰ ਕੀਤਾ ਹੈ। ਜੀ ਹਾਂ, ਰਾਸ਼ਟਰਪਤੀ ਦਾ ਦਿਲ ਪਸੀਜਦਾ ਮਹਿਸੂਸ ਹੋ ਰਿਹਾ ਹੈ ਅਤੇ ਇੰਮੀਗ੍ਰੇਸ਼ਨ ਦੇ ਮੁੱਦੇ ’ਤੇ ਪਹਿਲੀ ਵਾਰ ਨਰਮ ਰੁਖ਼ ਅਖਤਿਆਰ ਕਰਦਿਆਂ ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਅੱਗੇ ਵਧਣ ਲਈ ਵਿਦੇਸ਼ੀ ਹੁਨਰਮੰਦ ਕਾਮਿਆਂ ਦੀ ਜ਼ਰੂਰਤ ਹੈ। ਫੌਕਸ ਨਿਊਜ਼ ਨਾਲ ਇਕ ਇੰਟਰਵਿਊ ਦੌਰਾਨ ਟਰੰਪ ਨੇ ਕਿਹਾ ਕਿ ਬਿਨਾਂ ਸ਼ੱਕ ਅਮਰੀਕਾ ਵਿਚ ਟੈਲੈਂਟਡ ਲੋਕਾਂ ਦੀ ਕਮੀ ਨਹੀਂ ਪਰ ਕੁਝ ਖਾਸ ਖੇਤਰਾਂ ਵਿਚ ਸਾਡੇ ਕੋਲ ਕਾਬਲ ਲੋਕਾਂ ਦੀ ਘਾਟ ਹੈ।

## ਟਰੰਪ ਨੇ ਸੁਪਰੀਮ ਕੋਰਟ ਨੂੰ ਜਿਨਸੀ ਸੋਸ਼ਣ ਮਾਮਲੇ ‘ਤੇ ਮੁੜ ਵਿਚਾਰ ਕਰਨ ਲਈ ਕਿਹਾ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਸੁਪਰੀਮ ਕੋਰਟ ਨੂੰ ਕਿਹਾ ਹੈ ਕਿ ਉਹ 50 ਲੱਖ ਡਾਲਰ ਸਿਵਲ ਮਾਮਲੇ ‘ਤੇ ਮੁੜ ਵਿਚਾਰ ਕਰੇ ਜਿਸ ਵਿੱਚ ਉਸ ਉਪਰ ਮੈਗਜੀਨ ਕਾਲਮਨਵੀਸ ਈ ਜੀਨ ਕੈਰੋਲ ਨਾਲ ਜਿਨਸੀ ਸੋਸ਼ਣ ਕਰਨ ਤੇ ਉਸ ਨੂੰ ਬਦਨਾਮ ਕਰਨ ਦੇ ਦੋਸ਼ ਲਾਏ ਗਏ ਸਨ। ਪਿਛਲੇ ਸਾਲ ਸੰਘੀ ਅਪੀਲ ਕੋਰਟ ਨੇ ਟਰੰਪ ਵਿਰੁੱਧ 50 ਲੱਖ ਡਾਲਰ ਜੁਰਮਾਨਾ ਲਾਉਣ ਦੇ ਜਿਊਰੀ ਦੇ ਫੈਸਲੇ ਦੀ ਪੁਸ਼ਟੀ ਕਰ ਦਿੱਤੀ ਸੀ। ਟਰੰਪ ਨੇ ਦਾਅਵਾ ਕੀਤਾ ਸੀ ਕਿ ਜੱਜ ਲੇਵਿਸ ਕਪਲਾਨ ਨੇ ਜਿਊਰੀ ਨੂੰ ਕੈਰੋਲ ਸਮੇਤ 2 ਔਰਤਾਂ ਦੁਆਰਾ ਕਈ ਸਾਲ ਪਹਿਲਾਂ ਉਸ ਵਿਰੁੱਧ ਜਿਨਸੀ ਹਮਲੇ ਦੇ ਲਾਏ ਗਏ ਦੋਸ਼ਾਂ ਦੀ ਸੁਣਵਾਈ ਕਰਨ ਦੀ ਇਜਾਜਤ ਦੇਣ ਸਮੇ ਕਈ ਗਲਤੀਆਂ ਕੀਤੀਆਂ ਹਨ।

## ਟਰੰਪ ਵੱਲੋਂ ਵਿਵੇਕ ਰਾਮਾਸਵਾਮੀ ਨੂੰ ਓਹਾਈਓ ਦਾ ਗਵਰਨਰ ਬਣਾਉਣ ਦੀ ਪੁਸ਼ਟੀ, ਰਾਸ਼ਟਰਪਤੀ ਦੇ ਸਮਰਥਕ ਨਰਾਜ਼

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਨੂੰ ਓਹਾਈਓ ਦਾ ਗਵਰਨਰ ਬਣਾਏ ਜਾਣ ਦੀ ਪੁਸ਼ਟੀ ਕੀਤੀ ਹੈ ਪਰੰਤੂ ਇਸ ਨਾਲ ਟਰੰਪ ਦੇ ਚੋਣ ਮੁਹਿੰਮਕਾਰਾਂ ‘ਮੇਕ ਅਮੈਰਿਕਾ ਗਰੇਟ ਅਗੇਨ’ ਵਿੱਚ ਗੰਭੀਰ ਮੱਤਭੇਦ ਪੈਦਾ ਹੋ ਗਏ ਹਨ। ਕਈਆਂ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ ਉਹ ਸਵਾਮੀ ਨੂੰ ਕਦੀ ਵੀ ਗਵਰਨਰ ਦੇ ਰੂਪ ਵਿੱਚ ਸਵਿਕਾਰ ਨਹੀਂ ਕਰਨਗੇ ਕਿਉਂਕਿ ਉਹ ਉਨਾਂ ਵਿਚੋਂ ਨਹੀਂ ਹੈ। ਟਰੰਪ ਨੇ ਐਲਾਨ ਕੀਤਾ ਹੈ ਕਿ ‘ਉਹ ਮੁਕੰਮਲ ਰੂਪ ਵਿੱਚ ਰਾਮਾਸਵਾਮੀ ਦੇ ਨਾਂ ਦੀ ਗਵਰਨਰ ਵਜੋ ਪੁਸ਼ਟੀ ਕਰਦੇ ਹਨ। ਉਹ ਇਕ ਮਹਾਨ ਗਵਰਨਰ ਸਾਬਤ ਹੋਵੇਗਾ। ਰਾਮਾਸਵਾਮੀ ਦਾ ਪਿਛੋਕੜ ਕਾਰੋਬਾਰੀ ਹੈ , ਉਹ ਅਰਥਵਿਵਸਥਾ ਦਾ ਵਿਕਾਸ ਕਰਨਗੇ, ਟੈਕਸਾਂ ਵਿੱਚ ਕਟੌਤੀ ਕਰਨਗੇ ਤੇ ਦੂਸਰੀ ਸੋਧ ਦੀ ਰਾਖੀ ਕਰਨਗੇ।‘ ਰਾਮਾਸਵਾਮੀ ਜੋ 20224 ਵਿੱਚ ਜੀ ਓ ਪੀ ਪ੍ਰਾਇਮਰੀ ਵਿੱਚ ਟਰੰਪ ਵਿਰੁੱਧ ਖੜੇ ਹੋਏ ਸਨ ਤੇ ਬਾਅਦ ਵਿੱਚ ਆਪਣਾ ਨਾਂ ਵਾਪਿਸ ਲੈ ਲਿਆ ਸੀ,ਨੇ ਪੁਸ਼ਟੀ ਲਈ ਰਾਸ਼ਟਰਪਤੀ ਦਾ ਧੰਨਵਾਦ ਕੀਤਾ ਹੈ। ਰਾਮਾਸਵਾਮੀ ਦੇ ਨਾਂ ਦੀ ਪੁਸ਼ਟੀ ਇੱਕ ਹਫਤਾ ਪਹਿਲਾਂ ਰਿਪਬਲਕਨਾਂ ਨੂੰ ਨਿਊਜਰਸੀ, ਵਿਰਜੀਨੀਆ ਤੇ ਨਿਊਯਾਰਕ ਵਿੱਚ ਡੈਮੋਕਰੈਟਸ ਦੀ ਹੋਈ ਜਿੱਤ ਤੋਂ ਬਾਅਦ ਦਿੱਤੀ ਉਸ ਚਿਤਾਵਨੀ ਤੋਂ ਬਾਅਦ ਹੋਈ ਹੈ ਜਿਸ ਵਿੱਚ ਉਨਾਂ ਕਿਹਾ ਸੀ ਕਿ ਪਾਰਟੀ ਲੋਕਾਂ ਤੋ ਦੂਰ ਹੋ ਰਹੀ ਹੈ। ਇਸ ਲਈ ਸੌੜੀ ਰਾਜਨੀਤੀ ਛੱਡਣੀ ਪਵੇਗੀ ਤੇ ਧਿਆਨ ਵਿਕਾਸ ਵੱਲ ਲਾਉਣਾ ਪਵੇਗਾ।

ਪੰਜਾਬ ਗਾਰਡੀਅਨ ਨਾਲ ਐਡ ਪਾਉ ਅਤੇ ਆਪਣਾ ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise
604-590-5200

Trusted Name in Real Estate
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ



GURBINDER DHALIWAL
REAL ESTATE BROKER
Cell:425-314-2111
Email:garyd@windermere.com
garydhaliwal.withwre.com
Windermere REAL ESTATE
801 State Ave,
Marrysville, Wa 98270

HOUSE FOR SALE
12728 SE 287TH Place, Auburn, WA 98092





Nestled in a serene Cul-de-sac, this exquisite residence offers the perfect blend of comfort and sophistication. The heart of the home lies in its gourmet kitchen, where culinary dreams come to life amidst top-of-the-line appliances, sleek countertops, and ample storage. Step outside onto the covered deck, a true oasis that extends your living space. The ambiance is elevated by a cozy fireplace, providing warm and inviting atmosphere for year-round outdoor enjoyment. Venture downstairs to discover a meticulously finished basement, featuring a private one-bedroom suite and a stylishly appointed bathroom. This versatile space offers endless possibilities, whether used as a guest retreat, home office, or an entertainment hub.



MANDEEP SANGHA
REAL ESTATE BROKER
Cell:425-210-8985
Email:m.sangha@windermere.com
m.sangha.withwre.com
ਅਸੀਂ ਮੁਫਤ ਨੋਟਰੀ ਸੇਵਾਵਾਂ ਦਿੰਦੇ ਹਾਂ


# ਸਿੱਖ ਬੀਬੀਆਂ ਦੀ ਜ਼ਿੰਦਗੀ ਵਿਚ ਵੱਡੀ ਤਬਦੀਲੀ

ਲੰਡਨ: ਯੂ.ਕੇ. ਦੇ ਮਿਡਲੈਂਡਜ਼ ਇਲਾਕੇ ਵਿਚ ਸਿੱਖ ਬੀਬੀਆਂ ਦੀ ਜ਼ਿੰਦਗੀ ਪੂਰੀ ਤਰ੍ਹਾਂ ਬਦਲ ਚੁੱਕੀ ਹੈ ਜਿਥੇ ਕੁਝ ਹਫ਼ਤੇ ਪਹਿਲਾਂ ਦੋ ਮੁਟਿਆਰਾਂ ਨਾਲ ਜਬਰ-ਜਨਾਹ ਦੀਆਂ ਘਟਨਾਵਾਂ ਵਾਪਰੀਆਂ। ਸਿਰਫ਼ ਐਨਾ ਹੀ ਨਹੀਂ ਵੁਲਵਰਹੈਂਪਟਨ ਵਿਖੇ ਦੋ ਬਜ਼ੁਰਗ ਟੈਕਸੀ ਡਰਾਈਵਰਾਂ ’ਤੇ ਨਸਲੀ ਹਮਲਾ ਵੀ ਹੋਇਆ ਅਤੇ ਪਾਰਲੀਮੈਂਟ ਵਿਚ ਇਸ ਮੁੱਦੇ ’ਤੇ ਮੀਟਿੰਗ ਸੱਦੀ ਗਈ। ‘ਦਾ ਗਾਰਡੀਅਨ’ ਦੀ ਰਿਪੋਰਟ ਮੁਤਾਬਕ ਵੈਸਟ ਮਿਡਲੈਂਡਜ਼ ਵਿਚ ਘਰੇਲੂ ਹਿੰਸਾ ਦੇ ਮੁੱਦਿਆਂ ਨਾਲ ਨਜਿੱਠਣ ਲਈ ਬਣੀ ਖੈਰਾਤੀ ਜਥੇਬੰਦੀ ਸਿੱਖ ਵੁਮੈਨਜ਼ ਏਡ ਦੀ ਮੁਖੀ ਸੁਖਵਿੰਦਰ ਕੌਰ ਨੇ ਦੱਸਿਆ ਕਿ ਸਿੱਖ ਔਰਤਾਂ ਨੇ ਖੁਦ ਨੂੰ ਸੁਰੱਖਿਅਤ ਰੱਖਣ ਲਈ ਆਪਣੇ ਰੋਜ਼ਾਨਾ ਕੰਮਕਾਜ ਵਿਚ ਤਬਦੀਲੀ ਕੀਤੀ ਹੈ। ਬਿਨਾਂ ਸ਼ੱਕ ਡਰ ਮੌਜੂਦ ਹੈ ਅਤੇ ਅੱਜ ਤੋਂ ਪਹਿਲਾਂ ਕਦੇ ਵੀ ਅਜਿਹਾ ਨਹੀਂ ਹੋਇਆ। ਪਹਿਲੀ ਵਾਰ ਸਿੱਖ ਬੀਬੀਆਂ ਨੂੰ ਇਹ ਕਹਿੰਦਿਆਂ ਸੁਣਿਆ ਗਿਆ ਹੈ ਕਿ ਉਨ੍ਹਾਂ ਨੇ ਮਨ ਆਈਆਂ ਕਰਨੀਆਂ ਛੱਡ ਦਿਤੀਆਂ ਹਨ ਕਿਉਂਕਿ ਇਸ ਨਾਲ ਉਨ੍ਹਾਂ ਨੂੰ ਨੁਕਸਾਨ ਪੁੱਜ ਸਕਦਾ ਹੈ।ਜਬਰ-ਜਨਾਹ ਦੀਆਂ ਵਾਰਦਾਤਾਂ ਮਗਰੋਂ ਪੈਦਾ ਹੋਇਆ ਡਰ ਦਾ ਮਾਹੌਲ ਜਿੰਮ ਜਾਂਦਿਆਂ ਔਰਤਾਂ ਸਹਿਜ ਮਹਿਸੂਸ ਨਹੀਂ ਕਰਦੀਆਂ ਅਤੇ ਸਰੀਰਕ ਤੰਦਰੁਸਤੀ ਵਾਸਤੇ ਸੈਰ ਕਰਨ ਦਾ ਸਮਾਂ ਵੀ ਬਦਲ ਲਿਆ ਹੈ।ਆਪਣੀ ਲੋਕੇਸ਼ਨ ਪਰਵਾਰਕ ਮੈਂਬਰਾਂ ਜਾਂ ਦੋਸਤਾਂ ਸਾਂਝੀ ਕਰਦੀਆਂ ਰਹਿੰਦੀਆਂ ਹਨ। ਨਸਲੀ ਹਮਲੇ ਰੁਕਣ ਦਾ ਨਾ ਨਹੀਂ ਲੈ ਰਹੇ ਕਿਉਂਕਿ ਕੁਝ ਦਿਨ ਪਹਿਲਾਂ ਪੁਲਿਸ ਨੇ ਵੁਲਵਰਹੈਂਪਟਨ ਵਿਖੇ 50-55 ਸਾਲ ਦੀ ਔਰਤ ਉਤੇ ਨਸਲ ਹਮਲਾ ਹੋਣ ਬਾਰੇ ਤਸਦੀਕੀ ਕੀਤੀ ਜਿਥੇ ਹਮਲਾਵਰ ਨੇ ਕਰੰਟ ਲਾਉਣ ਵਾਲੀ ਮਸ਼ੀਨ ਦੀ ਵਰਤੋਂ ਕੀਤੀ। ਲੇਬਰ ਪਾਰਟੀ ਦੀ ਐਮ.ਪੀ. ਪ੍ਰੀਤ ਕੌਰ ਗਿੱਲ



ਨੇ ਹਮਲੇ ਦੀ ਸ਼ਿਕਾਰ ਔਰਤ ਸਿੱਖ ਹੋਣ ਬਾਰੇ ਤਸਦੀਕ ਕਰ ਦਿਤੀ ਪਰ ਵੈਸਟਮਿਡਲੈਂਡਜ਼ ਪੁਲਿਸ ਨੇ ਚੁੱਪ ਵੱਟੀ ਹੋਈ ਹੈ। ਮਿਡਲੈਂਡਜ਼ ਦੇ ਗੁਰਦਵਾਰਾ ਸਾਹਿਬਾਨ ਵਿਚ ਸਿੱਖ ਔਰਤਾਂ ਨੂੰ ਸਕਿਉਰਿਟੀ ਅਲਾਰਮ ਵੰਡੇ ਜਾ ਰਹੇ ਹਨ ਤਾਂਕਿ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਵਾਲਸਾਲ ਦੇ ਨਾਨਕਸਰ ਗੁਰਦਵਾਰਾ ਸਾਹਿਬ ਵਿਚ ਸੀਸ ਨਿਵਾਉਣ ਪੁੱਜੀ ਕਰਮ ਕੌਰ ਨੇ ਦੱਸਿਆ ਕਿ ਉਹ ਇਕੱਲੀ ਗੁਰਦਵਾਰਾ ਸਾਹਿਬ ਵੀ ਨਹੀਂ ਆਉਂਦੀ। ਹਮਲਾਵਰ ਦਿਨ ਜਾਂ ਰਾਤ ਕਿਸੇ ਵੀ ਵੇਲੇ ਆ ਸਕਦੇ ਹਨ ਜਿਸ ਨੂੰ ਵੇਖਦਿਆਂ ਆਪਣੀ ਬਜ਼ੁਰਗ ਮਾਂ ਨੂੰ ਵੀ ਸੁਚੇਤ ਰਹਿਣ ਲਈ ਆਖਿਆ ਹੈ। 32 ਸਾਲ ਦੀ ਇੰਦਰਜੀਤ ਕੌਰ ਨੇ ਦੱਸਿਆ ਕਿ ਕੰਮ ’ਤੇ ਜਾਂਦਿਆਂ ਬੱਸ ਅੱਡੇ ਦੇ ਬਿਲਕੁਲ ਨੇੜੇ ਪਾਰਕਿੰਗ ਤਲਾਸ਼ੀ ਕੀਤੀ।57 ਸਾਲ ਦੀ ਸੁਰਿੰਦਰ ਕੌਰ ਦਾ ਕਹਿਣਾ ਸੀ ਕਿ ਉਨ੍ਹਾਂ ਦੀਆਂ ਤਿੰਨ ਧੀਆਂ ਹਨ ਅਤੇ ਹਾਲ ਹੀ ਵਿਚ ਵਾਪਰੀਆਂ ਘਟਨਾਵਾਂ ਮਗਰੋਂ ਮਨ ਵਿਚ ਡਰ ਬੈਠ ਗਿਆ ਹੈ। ਮੌਜੂਦਾ ਨਸਲਵਾਦ ਨੇ 1970 ਅਤੇ 80 ਦੇ ਦਹਾਕੇ ਚੇਤੇ ਕਰਵਾ ਦਿਤੇ ਜਦੋਂ ਸਾਊਥ ਏਸ਼ੀਅਨ ਲੋਕਾਂ ਨੂੰ ਵੱਡੀਆਂ ਦਿੱਕਤਾਂ ਦਾ ਟਾਕਰਾ ਕਰਨਾ ਪੈਂਦਾ ਸੀ। ਲੇਬਰ ਪਾਰਟੀ ਦੀ ਕੌਂਸਲਰ ਸਿਮਰਨ ਚੀਮਾ ਨੇ ਇਨ੍ਹਾਂ ਵਿਚਾਰਾਂ ਨਾਲ ਸਹਿਮਤੀ ਜ਼ਾਹਰ ਕਰਦਿਆਂ ਕਿਹਾ ਕਿ ਲੋਕ ਆਪਣੇ ਆਪ ਨੂੰ ਅਤੀਤ ਵਿਚ ਖੜ੍ਹਾ ਮਹਿਸੂਸ ਕਰ ਰਹੇ ਹਨ ਜਦੋਂ ਨਸਲਵਾਦ ਸਿਖਰਾਂ ’ਤੇ ਹੁੰਦਾ ਸੀ। ਪੱਗ ਬੰਨ੍ਹਣ ਤੋਂ ਵੀ ਉਸ ਵੇਲੇ ਲੋਕ ਘਬਰਾਉਂਦੇ ਸਨ। ਸਿਮਰਨ ਚੀਮਾ ਮੁਤਾਬਕ ਵਾਲਸਾਲ ਕੌਂਸਲ ਵੱਲੋਂ ਗੁਰਦਵਾਰਾ ਸਾਹਿਬ ਦੇ ਨੇੜੇ-ਤੇੜੇ ਵਾਧੂ ਸੀ.ਸੀ.ਟੀ.ਵੀ. ਕੈਮਰੇ ਲਗਵਾਏ ਗਏ ਹਨ। ਪੁਲਿਸ ਵੱਲੋਂ ਸਥਾਨਕ ਸਿਆਸਤਦਾਨਾਂ, ਮਹਿਲਾ ਜਥੇਬੰਦੀਆਂ ਅਤੇ ਭਾਈਚਾਰੇ ਦੇ ਆਗੂਆਂ ਨਾਲ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਸੈਂਡਵੈਲ ਕੌਂਸਲ ਦੀ ਆਗੂ ਕੈਰੀ ਕਾਰਮਾਈਕਲ ਨੇ ਕਿਹਾ ਕਿ ਓਲਡਬਰੀ ਦੀ ਵਾਰਦਾਤ ਨਾਲ ਸਭਨਾਂ ਨੂੰ ਝੰਜੋੜ ਕੇ ਰੱਖ ਦਿਤਾ। ਸਿਟੀ ਕੌਂਸਲ ਵੱਲੋਂ ਇਲਾਕੇ ਨੂੰ ਸੁਰੱਖਿਅਤ ਰੱਖਣ ਲਈ ਪੁਲਿਸ ਨਾਲ ਤਾਲਮੇਲ ਤਹਿਤ ਕੰਮ ਕੀਤਾ ਜਾ ਰਿਹਾ ਹੈ।


GAUTAM & ASSOCIATES
TRIAL LAWYERS




OUR AREAS OF EXPERTISE
*PERSONAL INJURY LAW *PROHIBITIONS *FAMILY LAW
*VISA REFUSALS *CIVIL AND COMMERCIAL
*IMMEDIATE ROADSIDE *LITIGATION *WILLS AND ESTATES
ਅੱਜ ਹੀ ਸੰਪਰਕ ਕਰੋ
604-593-5310
Email:dkgautam@galawyers.ca
#210-8028-128St, Surrey, BC

Our Package Starts from
$50 per month
ਪੰਜਾਬ ਗਾਰਡੀਅਨ
Call to Advertise
604.590.5200

AYURHEALING INC
"AyurHealing inc" ਵੈਨਕੂਵਰ (ਬੀ.ਸੀ.) ਏਰੀਆ 'ਚ ਰੇਖਾ ਜੀ ਦਾ ਇਕੋ ਇੱਕ ਸਟੋਰ ਹੈ।
ਇਹ ਸਟੋਰ ਪਾਇਲ ਬਿਜਨਸ ਸੈਂਟਰ ਵਿੱਚ ਹੈ, ਜਿਥੋਂ ਹਰ ਤਰ੍ਹਾਂ ਦੀਆਂ ਅਸਲੀ ਦਵਾਈਆਂ (ਸਿਰਫ ਇਸੇ ਸਟੋਰ ਤੋਂ) ਮਿਲਦੀਆਂ ਹਨ।
ਕੋਈ ਵੀ ਵਿਅਕਤੀ ਗੰਭੀਰ ਜੋੜਾਂ ਦੇ ਦਰਦ (osteoarthritis, rheumatoid, gout, fibromyalgia) ਜਾਂ ਕਮਜ਼ੋਰ ਇਮਿਊਨ ਸਿਸਟਮ ਜਾਂ ਆਟੋ ਇਮਿਊਨ ਬਿਮਾਰੀ ਤੋਂ ਦੁੱਖੀ ਹੈ ਤਾਂ ਅਸੀਂ ਉਸਦਾ ਸੁਰਖਿਅਤ ਅਤੇ ਬੜਾ ਪ੍ਰਭਾਵਸ਼ਾਲੀ ਇਲਾਜ ਕਰ ਸਕਦੇ ਹਾਂ। ਜਿੰਨ੍ਹਾਂ ਪੁਰਸ਼ਾਂ, ਔਰਤਾਂ ਅਤੇ ਬੱਚਿਆਂ ਨੂੰ ਪਾਚਨ ਨਾਲ ਸਬੰਧਤ ਬਿਮਾਰੀਆਂ ਅਤੇ ਭੁੱਖ ਨਹੀਂ ਲੱਗਦੀ, ਸਾਡੇ ਕੋਲ ਉਨ੍ਹਾਂ ਲਈ ਵੀ ਬਹੁਤ ਵਧੀਆ ਪ੍ਰੋਡਕਟ ਹਨ।
ਅੱਜ ਹੀ ਸਾਡੀ ਜਗ੍ਹਾ ਤੇ ਆਉ
ਅਸੀਂ ਤੁਹਾਡੀ ਮਦਦ ਲਈ ਹਮੇਸ਼ਾ ਹਾਜ਼ਰ ਹਾਂ

ਹਾਈਰਾਈਜ਼ ਕੈਪਸੂਲ ਸਮਾਂ ਵਧਾਊ ਕਰੀਮ ਅਤੇ ਤੇਲ – ਇਹ ਕੈਪਸੂਲ ਮਰਦਾਂ ਦੀ ਕਾਮ ਸ਼ਕਤੀ ਲਈ ਹੈ।ਇਹ ਵਿਆਗਰਾ ਦਾ ਹੀ ਕੁਦਰਤੀ ਬਦਲ ਹੈ, ਇਸ ਦਾ ਕੋਈ ਸਾਈਡ ਇਫੈਕਟ ਨਹੀਂ।ਇਸ ਦਾ 2-5 ਦਿਨ ਤੱਕ ਅਸਰ ਰਹਿੰਦਾ ਹੈ
ਸ਼ੂਗਰ ਕੰਟਰੋਲ ਫਾਰਮੂਲਾ
ਹਰਬਲ ਚੂਰਨ – ਪੁਰਾਣੀ ਕਬਜ਼, ਐਸਿਡ, ਹਾਜ਼ਮਾ ਅਤੇ ਪੇਟ ਦੇ ਹੋਰ ਰੋਗਾਂ ਲਈ ਲਾਹੇਵੰਦ
ਪਿਓਰ ਸ਼ਿਲਾਜੀਤ – ਸਾਡਾ ਸ਼ਿਲਾਜੀਤ ਮਾਰਕਿਟ ਨਾਲੋਂ ਪਿਓਰ ਹੈ, ਜੋ ਸਿਹਤ ਦੀਆਂ ਕਈ ਸਮੱਸਿਆਵਾਂ ਤੋਂ ਨਿਜਾਤ ਦਿਵਾਉਂਦਾ ਹੈ
ਬਰੇਨ & ਸਟ੍ਰੈੱਸ ਟਾਨਿਕ – ਸਟਰੈੱਸ, ਡਿਪਰੈਸ਼ਨ ਅਤੇ ਬਰੇਨ ਫੰਕਸ਼ਨ ਅਤੇ ਫੋਕਸ ਕਰਨ ਲਈ ਆਯੂਰਵੈਦਿਕ ਕੈਪਸੂਲ
ਸੈਣੀ ਹੇਅਰ ਪੈਕੇਜ – ਵਾਲ ਝੜਨ ਤੋਂ ਰੋਕਣ ਅਤੇ ਸਿੱਕਰੀ ਦੂਰ ਕਰਨ ਲਈ ਦੋ ਹਫਤੇ ਦਾ ਪੱਕਾ ਇਲਾਜ
ਪੇਨ ਗਾਰਡ ਆਇਲ – ਜੋੜਾਂ ਦੀ ਮਸਾਜ ਲਈ, ਖਿੱਚੇ ਹੋਏ ਮਸਲਜ, ਸਰੀਰ ਦੇ ਤਣਾਅ ਲਈ
ਮੈਨਜ਼ ਹਾਈਰਾਈਜ਼ ਆਇਲ – ਇਹ ਤੇਲ ਸਖਤਾਈ, ਖੂਨ ਦਾ ਸੰਚਾਰ ਅਤੇ ਸਾਈਜ਼ ਵੱਡਾ ਕਰਦਾ ਹੈ।
ਬਹੁਤ ਸਾਰੀਆਂ ਬਿਮਾਰੀਆਂ ਦੇ ਇਲਾਜ ਵਾਸਤੇ ਗਿਲੋਏ ਅੰਮ੍ਰਿਤਾ ਕੈਪਸੂਲ
ਆਇਰਨ ਦੀਆਂ ਗੋਲੀਆਂ – ਆਇਰਨ ਅਤੇ ਵਿਟਾਮਿਨ ਗੋਲੀਆਂ (ਇਕੋ ਥਾਂ) ਜੋ ਤੁਹਾਡੇ ਖੂਨ ਨੂੰ ਬੂਸਟ ਅਤੇ ਅਨਰਜੀ ਦਿੰਦੀਆਂ ਹਨ
ਡਰੱਗ ਟੈਸਟ ਡੀਟੋਕਸ ਲਿਕੁਅਡ – ਡਿਟੋਕਸ ਲਿਕੁਅਡ ਬਲੱਡ ਵਿਚ ਕੋਈ ਵੀ ਟਾਕਸਿਨ ਜਾਂ ਡਰੱਗ ਸਾਫ ਕਰਦਾ ਹੈ।ਅਨਰਜੀ ਵਧਾਉਂਦਾ ਹੈ ਅਤੇ ਸਰੀਰ ਨੂੰ ਵਿਟਾਮਿਨ ਦਿੰਦਾ ਹੈ
ਮੈਨਜ਼ ਪਾਵਰ ਬੂਸਟਰ – 100% ਅਸਲੀ ਹਰਬਲ ਕੈਪਸੂਲ ਮਰਦਾਂ ਦੀ ਮਰਦਾਨਗੀ ਸ਼ਕਤੀ 15-25 ਦਿਨਾਂ ਵਿੱਚ ਵਧਾਉਣ ਵਾਸਤੇ
ਲਿਵਰ ਡਿਟੋਕਸ ਲੀਕੁਅਡ & ਕੈਪਸੂਲ
ਨੈਚੁਰਲ ਹੇਅਰ ਡਾਈ – ਡਾਈ, ਜਿਸ ਤੋਂ ਕੋਈ ਵੀ ਅਲਰਜੀ ਜਾਂ ਸਾਈਡ ਇਫੈਕਟ ਨਹੀਂ ਹੁੰਦਾ, ਮਰਦਾਂ ਅਤੇ ਔਰਤਾਂ ਦੋਹਾਂ ਲਈ।
ਕਿਡਨੀ ਡਿਟੋਕਸ ਲੀਕੁਅਡ & ਕੈਪਸੂਲ – ਗੁਰਦੇ ਸਾਫ ਕਰਦਾ ਹੈ, ਪਥਰੀਆਂ ਤੋੜਦਾ ਹੈ, ਗੁਰਦੇ ਦਾ ਕੰਮ ਠੀਕ ਕਰਦਾ ਹੈ, ਪਿਸ਼ਾਬ ਦਾ ਫਲੋ ਵਧਾਉਂਦਾ ਹੈ
ਕਾਮਾ ਸੂਤਰ ਬੂਸਟਰ – ਕਾਮਾ ਸੂਤਰ ਬੂਸਟਰ ਕਨੈਡਾ ਦੇ ਸਿਹਤ ਵਿਭਾਗ ਵਲੋਂ ਮਨਜ਼ੂਰ ਕੀਤਾ ਗਿਆ ਹੈ। ਇਹ ਆਦਮੀਆਂ ਦੇ ਸਪਰਮ ਨੂੰ ਵਧਾਉਂਦਾ ਹੈ। ਇਹ ਸੈਕਸ ਦੀ ਸ਼ਕਤੀ ਨੂੰ ਵਧਾਉਂਦਾ ਹੈ ਅਤੇ ਚੰਗੀ ਸਿਹਤ ਪ੍ਰਦਾਨ ਕਰਦਾ ਹੈ।
ਆਯੁਰਵੈਦਿਕ ਹਾਈ ਬਲੱਡ ਪ੍ਰੈਸ਼ਰ ਦਵਾਈ – ਹਰਬਲ ਦਵਾਈ ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੀਆਂ ਤਕਲੀਫਾਂ ਵਾਸਤੇ
ਬਵਾਸੀਰ ਪਾਊਡਰ – ਇਹ ਬਵਾਸੀਰ, ਖਾਜ ਅਤੇ ਜਲਣ ਘੱਟ ਕਰਦਾ ਹੈ।
ਹਰਬਲ ਮਲਟੀ ਵਿਟਾਮਿਨ ਔਰਤਾਂ ਅਤੇ ਮਰਦਾਂ ਵਾਸਤੇ – ਐਨਰਜੀ ਅਤੇ ਸ਼ਕਤੀ ਵਾਸਤੇ ਵਰਤੋ
ਸਿਹਤ ਨੂੰ ਬੂਸਟ ਕਰਨ ਵਾਸਤੇ ਮੋਰਿੰਗਾ ਕੈਪਸੂਲ

ਅਸੀਂ ਸਿਹਤ ਸਬੰਧੀ ਮੁਸ਼ਕਲਾਂ ਲਈ ਵੱਖ ਵੱਖ ਤਰ੍ਹਾਂ ਦੇ ਹਰਬਲ ਪਾਊਡਰ, ਚਾਹ ਅਤੇ ਤੇਲ ਰੱਖਦੇ ਹਾਂ।ਵਧੇਰੇ ਜਾਣਕਾਰੀ ਲਈ ਸਟੋਰ ਤੇ ਆਉ।
ਆਯੂਰਵੈਦਿਕ ਕੰਸਲਟੈਂਟ ਹਮੇਸ਼ਾ ਉਪਲਬਧ ਹਨ
ਸ਼ਰਾਬ ਪੀਣੀ ਛੱਡਣ ਲਈ ਹਰਬਲ ਦਵਾਈ - ਜੋ ਕਿ ਭੁੱਖ ਵਧਾਉਂਦੀ ਹੈ, ਇਸ ਦਾ ਲਿਵਰ ਤੇ ਕੋਈ ਨੁਕਸਾਨ ਨਹੀਂ ਹੈ
ਸਾਡੇ ਕੋਲ ਆਦਮੀਆਂ ਵਸਤੇ ਸਪੈਸ਼ਲ ਕੈਪਸੂਲ ਆਏ ਹਨ ਜੋ ਕਿ ਵਿਆਗਰਾ ਦੀ ਤਰ੍ਹਾਂ ਕੰਮ ਕਰਦੇ ਹਨ ਅਤੇ ਇਨ੍ਹਾਂ ਦਾ ਅਸਰ 3 ਦਿਨਾਂ ਤੱਕ ਰਹਿੰਦਾ ਹੈ।


ਰੇਖਾ


ਕੋਈ ਵੀ ਦਵਾਈ ਲੈਣ ਤੋਂ ਪਹਿਲਾਂ ਰੇਖਾ ਜੀ ਨੂੰ ਸੰਪਰਕ ਜ਼ਰੂਰ ਕਰੋ।
UNIT #165-8120-128 St, Surrey, B.C. V3W 1R1
Toll Free : 1-866-507-3350
604-537-7526
25 Years in Business




ਪ੍ਰੋਸਟੇਟ ਦਾ ਇਲਾਜ਼: ਵਧੇ ਹੋਏ ਪ੍ਰੋਸਟੇਟ, ਘਟੇ ਹੋਏ ਸਪਰਮ, ਪਿੱਠ ਦਰਦ ਦੇ ਇਲਾਜ਼ ਅਤੇ ਪਿਸ਼ਾਬ ਦੇ ਫਲੋ ਲਈ ਦਵਾਈਆਂ ਉੱਪਲਬਧ ਹਨ
ਸਾਰੇ ਅਸਲੀ ਸੈਣੀ ਹਰਬਲ ਪ੍ਰੋਡਕਟਸ ਸਿਰਫ ਆਯੁਰਹੀਲਿੰਗ ਤੋਂ ਹੀ ਮਿਲਦੇ ਹਨ। ਤੁਸੀਂ ਸਿਰਫ ਰੇਖਾ ਅਤੇ ਰੀਟਾ ਤੋਂ ਹੀ ਖਰੀਦ ਸਕਦੇ ਹੋ।

# ਗੁਰਪੁਰਬ ਕਿਵੇਂ ਮਨਾਈਏ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955



ਉਦੋਂ ਇਸ ਸ੍ਰਿਸ਼ਟੀ ਉੱਤੇ ਅਕਹਿ ਅਤੇ ਅਸਹਿ ਅਤਿਆਚਾਰਾਂ ਦੀ ਹਨੇਰੀ ਝੁੱਲ ਪਵੇ ਅਤੇ ਮਨੁੱਖ ਅਗਿਆਨਤਾ, ਮੂਰਖਤਾ ਅਤੇ ਸਵਾਰਥ ’ਚ ਮਨੁੱਖੀ ਕਦਰਾਂ-ਕੀਮਤਾਂ ਭੁੱਲ ਜਾਣ ਤਾਂ ਪ੍ਰਮਾਤਮਾ ਵੱਲੋਂ ਕਿਸੇ ਮਹਾਂਪੁਰਖ ਦਾ ਇਸ ਸ੍ਰਿਸ਼ਟੀ ਤੇ ਪ੍ਰਕਾਸ਼ ਹੁੰਦਾ ਹੈ। ਇਸ ਲਈ ਗੁਰੂ ਨਾਨਕ  ਜੀ ਦਾ ਪ੍ਰਕਾਸ਼ ਅਜਿਹੇ ਸਮੇਂ ਹੀ ਹੋਇਆ, ਜਦੋਂ ਸਮਾਜ ਦੇ ਹਰ ਖੇਤਰ ’ਚ  ਭ੍ਰਿਸ਼ਟਾਚਾਰ, ਜਬਰ, ਜ਼ੁਲਮ ਤੇ ਅਨਿਆਂ ਸਿਖਰਾਂ ’ਤੇ ਪਹੁੰਚ ਚੁੱਕਾ ਸੀ। ਇਸਤਰੀ ਜਾਤੀ ਦੀ ਬੜੀ ਭੈੜੀ ਦਸ਼ਾ ਨੂੰ ਦੇਖ ਕੇ ਵੀ ਉਨ੍ਹਾਂ ਨੇ ਫੁਰਮਾਇਆ ਸੀ:

“ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਸਾਰੀ ਲੋਕਾਈ ਵਹਿਮਾਂ-ਭਰਮਾਂ ਵਿਚ ਪਈ ਹੋਈ ਸੀ। ਸਾਰਾ ਸਮਾਜ ਜਾਤਾਂ-ਪਾਤਾਂ ਵਿਚ ਵੰਡਿਆ ਹੋਇਆ ਸੀ। ਹਰ ਪਾਸੇ ਮਨੁੱਖ, ਮਨੁੱਖ ਨਾਲ ਘ੍ਰਿਣਾ ਕਰਦਾ ਸੀ। ਨਿਰਧਨ ਤੇ ਕਮਜ਼ੋਰ, ਅਮੀਰ ਤੇ ਤਕੜੇ ਦੀ ਧੱਕੇਸ਼ਾਹੀ ਦੇ ਸ਼ਿਕਾਰ ਸਨ। ਸਮਾਜ ਦੀ ਰਾਜਨੀਤਿਕ ਦਸ਼ਾ ਵੀ ਬਹੁਤ ਭੈੜੀ ਸੀ, ਰਾਜੇ ਕਿਵੇਂ ਆਪਣੀ ਪਰਜਾ ਤੇ ਅੱਤਿਆਚਾਰ ਕਰਦੇ ਸਨ, ਭਾਵ ਲੋਕਾਂ ਨੂੰ ਕੋਈ ਇਨਸਾਫ ਨਹੀਂ ਦਿੱਤਾ ਜਾਂਦਾ ਸੀ।

ਗੁਰੂ ਨਾਨਕ ਦੇਵ ਜੀ ਸਿਰਫ ਇਕ ਧਾਰਮਿਕ ਆਗੂ ਹੀ ਨਹੀਂ ਸਨ, ਉਹ ਇਕ ਕ੍ਰਾਂਤੀਕਾਰੀ ਵੀ ਸਨ। ਜਦੋਂ ਬਾਬਰ ਨੇ ਭਾਰਤ ’ਤੇ ਹਮਲਾ ਕੀਤਾ, ਤਾਂ ਬਿਨਾਂ ਕਿਸੇ ਡਰ ਤੋਂ ਉਨ੍ਹਾਂ ਨੇ ਬਾਬਰ ਨੂੰ ਲਲਕਾਰਿਆ ਸੀ:

ਰਾਜੇ ਸ਼ੀਂਹ ਮੁਕੱਦਮ ਕੁਤੇ।
ਉਨ੍ਹਾਂ ਨੂੰ ਇੰਨਾ ਜ਼ੁਲਮ ਹੁੰਦਾ ਦੇਖ ਕੇ
ਇਹ ਵੀ ਕਹਿਣਾ ਪਿਆ ਸੀ:
‘ਏਤੀ ਮਾਰ ਪਈ ਕੁਰਲਾਣ
ਤੈ ਕੀ ਦਰਦ ਨਾ ਆਇਆ’।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੀ ਮਹਾਨਤਾ ਨੂੰ ਇਵੇਂ ਪ੍ਰਗਟ ਕੀਤਾ ਸੀ:

‘‘ਸਤਿਗੁਰੂ ਨਾਨਕੁ ਪ੍ਰਗਟਿਆ ਮਿਟੀ
ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰ ਸੂਰਜ ਨਿਕਲਿਆ ਤਾਰੇ ਛਪਿ
ਅੰਧੇਰ ਪਲੋਆ॥’’

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਚਾਰ ਉਦਾਸੀਆਂ ਵਿਚ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚੋਂ ਕੱਢਿਆ। ਉਨ੍ਹਾਂ ਨੇ ਭ੍ਰਿਸ਼ਟ ਪਾਖੰਡੀਆਂ ਦਾ ਸੁਧਾਰ ਕੀਤਾ। ਇਸ ’ਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਸਿਖਿਆਵਾਂ, ਉਦੇਸ਼ਾਂ ਤੇ ਉਪਦੇਸ਼ਾਂ ਦਾ ਲੋਕਾਂ ’ਤੇ ਕਾਫੀ ਪ੍ਰਭਾਵ ਪਿਆ।

ਉਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰਖੀ ਅਤੇ ਇਸ ਧਰਮ ਦਾ ਮੁੱਢਲਾ ਸਿਧਾਂਤ ਸੀ ਕਿ ਨਾਮ ਜਪਣਾ, ਕਿਰਤ ਕਰਨੀ, ਵੰਡ ਛਕਣਾ। ਨਾਮ ਜਪਣ ਤੇ ਨਾਲ=ਨਾਲ ਸ਼ੁੱਭ ਕਰਮਾਂ ’ਤੇ ਵੀ ਜ਼ੋਰ ਦਿੱਤਾ ਕਿਉਂਕਿ ਸ਼ੁੱਭ ਕਰਮਾਂ ਤੋਂ ਬਿਨਾਂ ਮਨੁੱਖ ਦੀ ਮੁਕਤੀ ਨਹੀਂ ਹੋ ਸਕਦੀ।

ਉਨ੍ਹਾਂ ਨੇ ਉਚਾ ਤੇ ਸੁੱਚਾ ਕਿਰਦਾਰ ਰੱਖਣ ਦੀ ਸਿੱਖਿਆ ਦਿੱਤੀ, ਜਿਵੇਂ ਉਨ੍ਹਾਂ ਨੇ ਫੁਰਮਾਇਆ।:

ਗਲੀਂ ਅਸੀਂ ਚੰਗੀਆ ਅਚਾਰੀ ਬੁਰੀਆਹਿ॥

ਮਜ਼ਲੂਮਾਂ, ਨਿਰਧਨਾਂ, ਨਿਰਦੋਸ਼ਾਂ ਦੀ ਸਹਾਇਤਾ ਕਰਨੀ ਮਨੁੱਖ ਦਾ ਪਹਿਲਾ ਨੈਤਿਕ ਫਰਜ਼ ਹੈ। ਉਨ੍ਹਾਂ ਨੇ ਹੰਕਾਰ ਨੂੰ ਸਭ ਰੋਗਾਂ ਦਾ ਕਾਰਨ ਦੱਸਿਆ ਤੇ ਨਿਮਰਤਾ ਸਾਰੇ ਗੁਣਾਂ ਦਾ ਨਿਚੋੜ ਹੈ:

ਮਿਠਤੁ ਨੀਵੀਂ ਨਾਨਕਾ,
ਗੁਣ ਚੰਗਿਆਈਆ ਤਤੁ॥

ਉਨ੍ਹਾਂ ਨੇ ਕਿਰਤ ਕਰਕੇ ਜੀਵਨ ਗੁਜ਼ਾਰਨ ਦਾ ਉਪਦੇਸ਼ ਦਿੱਤਾ। ਛਲ, ਫਰੇਬ ਕਰਕੇ ਕਮਾਏ ਧਨ ਦਾ ਖੰਡਨ ਕੀਤਾ। ਜਿਵੇਂ ਉਨ੍ਹਾਂ ਨੇ ਫਰਮਾਇਆ:

“ਹਕ ਪਰਾਇਆ ਨਾਨਕਾ
ਉਸ ਸੂਅਰ ਉਸ ਗਾਇ॥
ਮਨੱਖ ਦੇ ਅਮਲ ਚੰਗੇ ਹੋਣੇ ਚਾਹੀਦੇ  ਹਨ:
ਮੰਦੇ ਕੰਮੀਂ ਨਾਨਕਾ ਜਦ ਕਦ ਮੰਦਾ ਹੋਇ॥

ਪਰ ਦੇਖਣ ਦੀ ਗੱਲ ਇਹ ਹੈ ਕਿ ਇਸ ਵੇਲੇ ਦਾ ਸਮਾਜ ਹੁਣ ਵੀ ਉਹੀ ਨਹੀਂ, ਭਾਵ ਮਨੁੱਖੀ ਸੋਚ ਵਿਚ ਕੋਈ ਪਰਿਵਰਤਨ ਆਇਆ ਹੈ? ਮਨੁੱਖੀ ਕਦਰਾਂ-ਕੀਮਤਾਂ ਅਜੇ ਵੀ ਓਹੀ ਹਨ, ਸਗੋਂਨੈਤਿਕਤਾ ਪੱਖੋਂ ਦਿਨ-ਬ-ਦਿਨ ਨਿਘਾਰ ਹੀ ਆ ਰਿਹਾ ਹੈ। ਪਰਿਵਾਰਕ ਤੇ ਸਮਾਜਿਕ ਕਦਰਾਂ-ਕੀਮਤਾਂ ਫਿਰ ਬਦਲ ਰਹੀਆਂ ਹਨ। ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਪਰਿਵਾਰਾਂ, ਰਿਸ਼ਤੇਦਾਰਾਂ ਵਿਚ ਉਹ ਭਾਵਨਾਤਮਕ ਸਾਂਝ ਨਹੀਂ ਰਹੀ। ਪਰ ਮਨੁੱਖ ਸਵਾਰਥੀ ਤੇ ਪਦਾਰਥਵਾਦੀ ਬਣਦਾ ਜਾ ਰਿਹਾ ਹੈ। ਸਮਾਜ ਦੇ ਬਾਕੀ ਖੇਤਰਾਂ, ਧਰਮ ਰਾਜਨੀਤੀ ਤੇ ਵਿਦਿਅਕ ਸਭ ਖੇਤਰਾਂ ਵਿਚ ਨਿਘਾਰ ਆਚੁੱਕਾ ਹੈ। ਪਹਿਲੀਆਂ ਕਦਰਾਂ-ਕੀਮਤਾਂ ਖਤਮ ਹੁੰਦੀਆਂ ਜਾ ਰਹੀਆਂਹਨ। ਚਾਰੇ ਪਾਸੇ ਭ੍ਰਿਸ਼ਟਾਚਾਰ, ਬੇਈਮਾਨੀ ਅਤੇ ਅਮਾਨਵੀ ਕਦਰਾਂ-ਕੀਮਤਾਂ ਵਧ ਰਹੀਆਂ ਹਨ। ਗੁਰੂ ਘਰ ਦੀ ਕੀ ਦਸ਼ਾ ਹੈ?

ਲੜਾਈਆਂ ਝਗੜੇ ਨਿੱਤ ਹੁੰਦੇ ਹਨ। ਚੌਧਰ ਦੀ ਖਾਤਰ ਕਮੇਟੀਆਂ ਦੇ ਕੇਸ ਕੋਰਟਾਂ ’ਚ ਚੱਲ ਰਹੇ ਹਨ। ਇਹ ਕਮਜ਼ੋਰੀਆਂ ਤੇ ਬੁਰਾਈਆਂ ਜਿਹੜੀਆਂ ਸਮਾਜ ’ਚ ਆਈਆਂ, ਇਨ੍ਹਾਂ ਦੇ ਪਿੱਛੇ ਕੀ ਕਾਰਨ ਹਨ? ਇਨ੍ਹਾਂ ਦਾ ਕਾਰਨ ਇਕੋ ਹੀ ਹੈ ਕਿ ਗੁਰੂ ਸਾਹਿਬਾਨਾਂਨੇ ਜੋ ਉਪਦੇਸ਼, ਉਦੇਸ਼, ਸਿਧਾਂਤ ਤੇ ਸਿੱਖਿਆਵਾਂ ਮਨੁੱਖ ਨੂੰ ਦਿੱਤੇ ਸਨ, ਮਨੁੱਖ ਨੇ ਉਨ੍ਹਾਂ ਨੂੰ ਆਪਣੇ ਜੀਵਨ ਦਾ ਆਧਾਰ ਨਹੀਂ ਬਣਾਇਆ।

ਗੁਰਬਾਣੀ ਪੜ੍ਹਨ ਤੇ ਸੁਣਨ ਤੱਕ ਹੀ ਸੀਮਤ ਰਹੀ ਹੈ। ਉਸ ਉਤੇ ਅਮਲ ਨਹੀਂ ਹੋਇਆ। ਸ਼ੁੱਭ ਅਮਲਾਂ ਬਿਨਾਂ ਕੁੱਝ ਵੀ ਨਹੀਂ। ਸਾਡੇ ਪ੍ਰਚਾਰਕ, ਧਾਰਮਿਕ ਆਗੂ, ਨਾ ਉਹ ਆਪ ਇਨ੍ਹਾਂ ਸਿਧਾਂਤਾਂ ਨੂੰ ਜੀਵਨ ਵਿਚ ਅਮਲੀ ਰੂਪ ਦੇ ਸਕੇ ਅਤੇ ਨਾ ਲੋਕਾਂ ਨੂੰ ਇਨ੍ਹਾਂ ਦੀ ਪ੍ਰੇਰਨਾ ਦੇ ਸਕੇ। ਇਸ ਲਈ ਜਿਹੜੇ ਦਿਵਸ, ਅਸੀਂ ਗੁਰੂਆਂ ਦੇ ਮਨਾਉਂਦੇ ਹਾਂ, ਬਹੁਤ ਹੀ ਚੰਗੀ ਗੱਲ ਹੈ। ਸਾਨੂੰ ਉਨ੍ਹਾਂ ਨੂੰ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਚਾਹੀਦਾ ਹੈ। ਪਰ ਇੰਨਾ ਹੀ ਕਾਫੀ ਨਹੀਂ। ਜਿੰਨੀ ਦੇਰ

ਅਸੀਂ ਉਨ੍ਹਾਂ ਦੇ ਪੂਰਨਿਆਂ ’ਤੇ ਨਹੀਂ ਚੱਲਦੇ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ’ਤੇ ਨਹੀਂ ਚੱਲਦੇ, ਸਮਾਜ ਦਾ ਸੁਧਾਰ ਨਹੀਂ ਹੋ ਸਕਦਾ।

ਉਨ੍ਹਾਂ ਦੇ ਪ੍ਰਕਾਸ਼ ਉਤਸਵ ਮਨਾਉਣੇ ਬੇਅਰਥ ਨਹੀਂ ਹਨ। ਇਸ ਲਈ ਜਿੰਨੀ ਦੇਰ ਮਨੁੱਖੀ ਕਿਰਦਾਰ ਉਚਾ ਤੇ ਸੁੱਚਾ ਨਹੀਂ ਹੁੰਦਾ, ਤਾਂ ਮਨੁੱਖੀ ਜੀਵਨ ਸ਼ਾਂਤਮਈ, ਸੁਖਦਾਇਕ ਅਤੇ ਖੁਸ਼ਹਾਲ ਨਹੀਂ ਹੋ ਸਕਦਾ। ਲੋੜ ਹੈ ਹਰ ਮਨੱਖ ਆਪਣੇ ਅੰਦਰ ਝਾਂਤੀ ਮਾਰੇ ਕਿ ਮੈਂ ਗੁਰੂ ਸਾਹਿਬਾਨਾਂ ਦੇ ਦਿੱਤੇ ਉਪਦੇਸ਼ਾਂ ’ਤੇ ਚੱਲ ਰਿਹਾ ਹਾਂ?



ਲੇਡੀਜ ਟੇਲਰਿੰਗ
*Simple Suit $40 *Lehnga $100
*Lining Suit $70 *Zipper $5 Extra
Shirt with Lining $60 Alteration Starts from $10
ਹਰ ਕਿਸਮ ਦੇ ਪੰਜਾਬੀ ਲੇਡੀਜ ਸੂਟ, ਬਲਾਊਜ, ਲਹਿੰਗਾ ਆਦਿ
ਦੀ ਪ੍ਰੋਫੈਸ਼ਨਲ ਸਿਲਾਈ ਅਤੇ ਆਲਟਰੇਸ਼ਨ ਕਰਵਾਉਣ ਲਈ ਮਿਲੋ
604-799-8160
October end

ਗੁਰੂ ਨਾਨਕ ਗੁਰਸਿੱਖ ਗੁਰਦੁਆਰਾ
ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)
176 E Pole Road / 6934 Meridian St    Lynden, WA. 98264 (Bellingham)



14 ਸਤੰਬਰ ਦਿਨ ਸ਼ੁੱਕਰਵਾਰ ਸ਼ਾਮ ਨੂੰ ਗੁਰਪਾਲ ਸਿੰਘ ਗਰੇਵਾਲ ਪਰਿਵਾਰ ਵੱਲੋਂ
ਸੰਗਰਾਂਦ ਦੇ ਦਿਹਾੜੇ ਤੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
16 ਨਵੰਬਰ ਦਿਨ ਐਤਵਾਰ ਸਵੇਰੇ ਅਮਰੀਕ ਸਿੰਘ ਤੂਰ ਪਰਿਵਾਰ ਵੱਲੋਂ ਸਹਿਜਪਾਠ ਦੇ ਭੋਗ ਪਾਏ ਜਾਣਗੇ।
ਮੁੱਖ ਸੇਵਾਦਾਰ:ਪਰਮਜੀਤ ਸਿੰਘ ਕੁਲਾਰ: 360-733-6444, ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184
ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮੱਘਰ ਸੁਦੀ ੫ ਬਨਾਮ ੧੧ ਮੱਘਰ

ਸਰਬਜੀਤ ਸਿੰਘ ਸੈਕਰਾਮੈਂਟੋ

ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਦੀਆਂ ਇਹ ਦੋਵੇਂ ਤਾਰੀਖ਼ਾਂ, ਭਾਵੇਂ ਅੱਜ ਤੋਂ 350 ਸਾਲ ਪਹਿਲਾਂ ਇਕੋ ਦਿਨ ਹੀ ਆਈਆਂ ਸਨ ਪਰ ਹਰ ਸਾਲ ਅਜੇਹਾ ਨਹੀਂ ਹੁੰਦਾ। ਇਨ੍ਹਾਂ ਵਿਚੋਂ ਇਕ ਤਾਰੀਖ਼ ੧੧ ਮੱਘਰ, ਸੂਰਜੀ ਬ੍ਰਿਕਮੀ ਕੈਲੰਡਰ ਦੀ ਹੈ ਅਤੇ ਦੂਜੀ ਤਾਰੀਖ਼ ਮੱਘਰ ਸੁਦੀ ੫, ਚੰਦਰ-ਸੂਰਜੀ ਬ੍ਰਿਕਮੀ ਕੈਲੰਡਰ ਦੀ ਹੈ। ਅੱਜ ਇਨ੍ਹਾਂ ਦੋ ਤਾਰੀਖ਼ਾਂ 'ਚੋਂ ਇਕ ਤਾਰੀਖ਼ ਦੀ ਚੋਣ ਕਰਨੀ ਸਾਡੇ ਲਈ ਸਭ ਤੋਂ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ। ਇਹ ਚੁਣੌਤੀ, ਕਿਸੇ ਹੋਰ ਨੇ ਨਹੀ ਦਿੱਤੀ ਸਗੋਂ ਸਾਡੇ ਧਾਰਮਿਕ ਮੁੱਖੀਆਂ ਵੱਲੋਂ ਹੀ ਦਿੱਤੀ ਗਈ ਹੈ। ਆਓ, ਦਿਨੋ-ਦਿਨ ਗੰਭੀਰ ਹੁੰਦੀ ਜਾਂ ਰਹੀ ਇਸ ਸਮੱਸਿਆ ਬਾਰੇ ਮੁੱਢਲੀ ਜਾਣਕਾਰੀ ਸਾਂਝੀ ਕਰੀਏ।

ਕੈਲੰਡਰ ਵਿਗਿਆਨ ਦਾ ਆਰੰਭ ਵੀ, ਇਸ ਧਰਤੀ 'ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਸਭ ਤੋਂ ਪਹਿਲਾਂ ਦਿਨ ਦੇ ਚਾਨਣ ਅਤੇ ਰਾਤ ਦੇ ਅੰਧੇਰੇ ਦਾ ਹੀ ਗਿਆਨ ਸੀ। ਖਿਆਲ ਕਰੋ ਕਿ ਜਦੋਂ ਕਿਸੇ ਸਿਆਣੇ ਨੇ ਚੰਦ ਦੇ ਮੱਸਿਆ ਤੋਂ ਪੂੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੂੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨ੍ਹਿਆ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿਚ ਕਿੰਨੀ ਤਬਦੀਲੀ ਆਈ ਹੋਏਗੀ। ਇਸ ਵਿੱਚ ਕੋਈ ਸ਼ੱਕ ਨਹੀ ਕਿ ਸਭ ਤੋਂ ਪਹਿਲਾਂ ਚੰਦ ਅਧਾਰਤ ਕੈਲੰਡਰ ਹੀ ਹੋਂਦ ਵਿੱਚ ਆਇਆ ਸੀ। ਜਿਉਂ-ਜਿਉਂ ਮਨੁੱਖ ਨੇ ਤਰੱਕੀ ਕੀਤੀ ਅਤੇ ਰੁੱਤਾਂ ਸਬੰਧੀ ਜਾਣਕਾਰੀ ਵਿਚ ਵਾਧਾ ਹੋਇਆ ਤਾਂ ਸੂਰਜੀ ਕੈਲੰਡਰ ਹੋਂਦ ਵਿੱਚ ਆਏ। ਅੱਜ ਵੀ ਚੰਦ ਅਧਾਰਿਤ ਕੈਲੰਡਰ ਦਾ ਸ਼ੁੱਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿੱਚ ਪ੍ਰਚੱਲਤ ਹੈ। ਹਿੰਦੂ ਧਰਮ ਵਿੱਚ ਚੰਦਰ-ਸੂਰਜੀ ਬ੍ਰਿਕਮੀ ਕੈਲੰਡਰ ਪ੍ਰਚੱਲਤ ਹੈ ਅਤੇ ਸਿੱਖ ਧਰਮ 'ਚ ਚੰਦਰ-ਸੂਰਜੀ ਬ੍ਰਿਕਮੀ, ਸੂਰਜੀ ਬ੍ਰਿਕਮੀ ਅਤੇ ਸੀ:ਈ: ਕੈਲੰਡਰ ਪ੍ਰਚੱਲਤ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀਂ ਹੈ ਫਿਰ ਵੀ ਇਸ ਦਾ ਧਰਮ ਨਾਲ ਗੂੜਾ ਸਬੰਧ ਹੈ। ਕੈਲੰਡਰ ਦਾ ਮੁੱਖ ਮੰਤਵ ਤਾਂ ਸਮੇਂ ਦੀ ਗਿਣਤੀ-ਮਿਣਤੀ ਦੇ ਨਾਲ-ਨਾਲ ਕੌਮ ਲਈ ਮਹੱਤਵਪੂਰਨ ਦਿਹਾੜਿਆਂ ਦੀ ਸਹੀ ਨਿਸ਼ਾਨ ਦੇਹੀ ਕਰਨਾ ਹੁੰਦਾ ਹੈ।

ਧਰਤੀ ਆਪਣੇ ਧੁਰੇ ਦੁਆਲੇ ਘੁੰਮਦੀ ਹੈ ਇਸ ਦਾ ਇਕ ਚੱਕਰ, ਜਿਸ ਨੂੰ ਦਿਨ ਅਤੇ ਰਾਤ ਕਿਹਾ ਜਾਂਦਾ ਹੈ, 24 ਘੰਟੇ ਵਿੱਚ ਪੂਰਾ ਹੁੰਦਾ ਹੈ। ਧਰਤੀ ਸੂਰਜ ਦੇ ਦੁਆਲੇ ਵੀ ਘੁੰਮਦੀ ਹੈ, ਇਹ ਚੱਕਰ 365.242196 ਦਿਨ ਵਿੱਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ (ਠਰੋਪਿਚਓਲ ਈਓਰ) ਕਿਹਾ ਜਾਂਦਾ ਹੈ। ਚੰਦ ਧਰਤੀ ਦੇ ਦੁਵਾਲੇ ਘੁੰਮਦਾ ਹੈ ਇਸ ਦਾ ਇਕ ਚੱਕਰ 29.53 ਦਿਨਾਂ ਵਿੱਚ ਪੂਰਾ ਹੁੰਦਾ ਹੈ। ਚੰਦਾ ਮਹੀਨਾ ਮੱਸਿਆ ਤੋਂ ਮੱਸਿਆ (ਅਮੰਤਾ) ਅਤੇ ਪੁਨਿਆ ਤੋਂ ਪੁਨਿਆ (ਪੂਰਨਮੰਤਾ) ਦੋਵੇਂ ਤਰ੍ਹਾਂ ਹੀ ਗਿਣਿਆ ਜਾਂਦਾ ਹੈ। ਚੰਦ ਦੇ ਸਾਲ ਵਿੱਚ ਵੀ 12 ਮਹੀਨੇ (ਚੇਤ ਤੋਂ ਫੱਗਣ) ਹੀ ਹੁੰਦੇ ਹਨ। ਚੰਦ ਦੇ ਸਾਲ ਦੀ ਲੰਬਾਈ 354.37 ਦਿਨ ਮੰਨੀ ਗਈ ਹੈ। ਚੰਦ ਦਾ ਸਾਲ, ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ। ਹੁਣ ਜੇ ਹਿਜ਼ਰੀ ਕੈਲੰਡਰ ਵਾਂਗ ਹੀ ਸਾਰੇ ਦਿਹਾੜੇ ਮਨਾਏ ਜਾਣ ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾਂ ਆ ਜਾਵੇਗਾ। ਜਿਵੇਂ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮੱਘਰ ਸੁਦੀ ੫ ਸੰਮਤ ੨੦੮੧ ਬਿ: ਵਿੱਚ ੨੧ ਮੱਘਰ (6 ਦਸੰਬਰ 2024 ਈ:) ਨੂੰ ਆਇਆ ਸੀ। ਇਸ ਸਾਲ ਭਾਵ ਸੰਮਤ ੨੦੮੨ ਬਿ: ਵਿੱਚ ਇਹ ੧੦ ਮੱਘਰ (25 ਨਵੰਬਰ) ਨੂੰ ਆਇਆ ਹੈ। ਇਸ ਹਿਸਾਬ ਨਾਲ ਤਾਂ ਸੰਮਤ ੨੦੮੩ ਬਿ: ਵਿੱਚ ਇਹ ਦਿਹਾੜਾ ੨੯ ਕੱਤਕ (14 ਨਵੰਬਰ, 2026 ਈ:) ਨੂੰ ਆਉਣਾ ਚਾਹੀਦਾ ਹੈ। ਪਰ ਨਹੀਂ! ਹੁਣ ਇਹ ਦਿਹਾੜ 29 ਮੱਘਰ (14 ਦਸੰਬਰ 2026 ਈ:) ਨੂੰ ਆਵੇਗਾ। ਅਜੇਹਾ ਕਿਉਂ?

| | ਪੁਮੱਕਸ਼ਾਹੀ ਕੈਲੰਡਰ | | ਨਾਨਕਸ਼ਾਹੀ ਕੈਲੰਡਰ | |
|---|---|---|---|---|
| ਨ: ਸ:/ ਈ: | ਪ੍ਰਵਿਸ਼ਟਾ | ਤਾਰੀਖ਼ | ਪ੍ਰਵਿਸ਼ਟਾ | ਤਾਰੀਖ਼ |
| ੫੫੩/21-22 | ੨੩ ਮੱਘਰ | 8 ਦਸੰਬਰ | ੧੧ ਮੱਘਰ | 24 ਨਵੰਬਰ |
| ੫੫੪/22-23 | 13 ਮੱਘਰ | 28 ਨਵੰਬਰ | 11 ਮੱਘਰ | 24 ਨਵੰਬਰ |
| ੫੫੫/23-24 | ੨ ਪੋਹ | 17 ਦਸੰਬਰ | ੧੧ ਮੱਘਰ | 24 ਨਵੰਬਰ |
| ੫੫੬/24-25 | ੨੧ ਮੱਘਰ | 6 ਦਸੰਬਰ | ੧੧ ਮੱਘਰ | 24 ਨਵੰਬਰ |
| ੫੫੭/25-26 | ੧੦ ਮੱਘਰ | 25ਨਵੰਬਰ | ੧੧ ਮੱਘਰ | 24 ਨਵੰਬਰ |
| ੫੫੮/26-27 | ੨੯ ਮੱਘਰ | 14 ਦਸੰਬਰ | 11 ਮੱਘਰ | 24 ਨਵੰਬਰ |
| ੫੫੯/27-28 | ੧੮ ਮੱਘਰ | 3 ਦਸੰਬਰ | ੧੧ ਮੱਘਰ | 24 ਨਵੰਬਰ |
| ੫੬੦/28-29 | ੬ ਮੱਘਰ | 21 ਨਵੰਬਰ | ੧੧ ਮੱਘਰ | 24 ਨਵੰਬਰ |
| ੫੬੧/29-30 | ੨੫ ਮੱਘਰ | 10 ਦਸੰਬਰ | ੧੧ ਮੱਘਰ | 24 ਨਵੰਬਰ |
| ੫੬੨/30-31 | ੧੪ ਮੱਘਰ | 29 ਨਵੰਬਰ | ੧੧ ਮੱਘਰ | 24 ਨਵੰਬਰ |

ਇਸ ਦਾ ਕਾਰਨ ਇਹ ਹੈ ਕਿ ਜਦੋਂ ਚੰਦ ਦਾ ਸਾਲ ਸੂਰਜੀ ਸਾਲ ਨਾਲੋਂ ਇਕ ਸਾਲ ਵਿਚ 11 ਦਿਨ, ਦੋ ਸਾਲਾਂ ਵਿੱਚ 22 ਦਿਨ ਪਿੱਛੇ ਰਹਿ ਜਾਵੇ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿੱਚ ਇਕ ਹੋਰ ਮਹੀਨਾ ਜੋੜ ਦਿੱਤਾ ਜਾਂਦਾ ਹੈ। ਇਸ ਸਾਲ ਚੰਦ ਦੇ ਸਾਲ ਵਿੱਚ 13 ਮਹੀਨੇ ਕਰ ਦਿੱਤੇ ਜਾਂਦੇ ਹਨ। ਅਗਲੇ ਸਾਲ (ਸੰ: ੨੦੮੩ ਬਿ:) ਚੰਦ ਦੇ ਸਾਲ ਵਿੱਚ 13 ਮਹੀਨੇ ਹੋਣਗੇ। ਜੇਠ ਦਾ ਮਹੀਨਾ ਦੋ ਵਾਰੀ ਆਵੇਗਾ। ਇਹ ਤੇਰਵਾਂ ਮਹੀਨਾ ਜਿਸ ਨੂੰ ਮਲ ਮਾਸ ਕਿਹਾ ਜਾਂਦਾ ਹੈ। ਹਿੰਦੂ ਮਤ ਅਨੁਸਾਰ ਇਹ ਮਹੀਨਾ ਮਾੜਾ ਹੁੰਦਾ ਹੈ। ਇਸ ਵਿੱਚ ਕੋਈ ਸ਼ੁਭ ਕੰਮ ਨਹੀਂ ਕੀਤਾ ਜਾ ਸਕਦਾ। ਮਲ ਮਾਸ ਦੇ ਪਿਛੋਂ ਆਉਣ ਵਾਲੇ ਦਿਨ ਤਿਉਹਾਰ, ਪਿਛਲੇ ਸਾਲ ਨਾਲੋਂ 11 ਦਿਨ ਪਹਿਲਾਂ ਆਉਣ ਦੀ ਬਜਾਏ 18/19 ਦਿਨ ਪੱਛੜ ਕੇ ਆਉਂਦੇ ਹਨ। ਜਿਹੜਾ ਦਿਹਾੜਾ ੨੯ ਕੱਤਕ (14 ਨਵੰਬਰ 2026ਈ:) ਨੂੰ ਆਉਣਾ ਚਾਹੀਦਾ ਸੀ, ਹੁਣ ਉਹ ੨੯ ਮੱਘਰ (14 ਦਸੰਬਰ, 2026) ਨੂੰ ਆਵੇਗਾ। ਹੁਣ ਚੰਦ ਦੇ ਸਾਲ ਲੰਬਾਈ ਮੁਤਾਬਕ ਗੁਰਪੁਰਬ 11 ਦਿਨ ਪਹਿਲਾਂ ਭਾਵ ੧੮ ਮੱਘਰ (3 ਦਸੰਬਰ 2027 ਈ:) ਨੂੰ ਆਵੇਗਾ। ਇਹ ਸਿਲਸਿਲਾ ਇਸੇ ਤਰ੍ਹਾਂ ਹੀ ਚਲਦਾ ਰਹੇਗਾ। ਹੁਣ ਇਸ ਸਵਾਲ ਦਾ ਜਵਾਬ ਕੌਣ ਦੇਵੇਗਾ ਕਿ ਜੇ ਚੰਦ ਦੇ ਕੈਲੰਡਰ ਨੂੰ ਖਿੱਚ-ਧੂਹ ਕੇ ਸੂਰਜੀ ਕੈਲੰਡਰ ਦੇ ਨੇੜੇ-ਤੇੜੇ ਹੀ ਕਰਨਾ ਹੈ ਤਾਂ ਕਿਉਂ ਨਾ ਸੂਰਜੀ ਕੈਲੰਡਰ ਹੀ ਅਪਣਾ ਲਿਆ ਜਾਵੇ?

ਜਿਸ ਦਿਨ ਇਹ ਸ਼ਹੀਦੀ ਸਾਕਾ ਵਾਪਰਿਆ ਸੀ, ਉਸ ਦਿਨ ੧੧ ਮੱਘਰ, ਮੱਘਰ ਸੁਦੀ ੫ ਸੰਮਤ ੧੭੩੨ ਬਿਕ੍ਰਮੀ ਦਿਨ ਵੀਰਵਾਰ ਸੀ। ਸਰਕਾਰੀ ਰਿਕਾਰਡ ਵਿੱਚ ਇਹ 3 ਰਮਜ਼ਾਨ 1086 ਹਿਜ਼ਰੀ ਲਿਖੀ ਗਈ ਹੋਵੇਗੀ। ਅੰਗਰੇਜ਼ਾਂ ਦੇ ਆਉਣ ਤੋਂ ਪਿਛੋਂ, ਜਦੋਂ ਅੰਗਰੇਜ਼ੀ ਕੈਲੰਡਰ ਵਿੱਚ ਤਾਰੀਖ਼ਾਂ ਲਿਖਣ ਦਾ ਰਿਵਾਜ ਪਿਆ ਤਾਂ 11 ਨਵੰਬਰ 1675 ਈ: (ਜੂਲੀਅਨ) ਲਿਖੀ ਗਈ। ਜੇ ਇੰਗਲੈਂਡ ਨੇ ਵੀ ਜੂਲੀਅਨ ਕੈਲੰਡਰ ਦੀ ਸੋਧ ਨੂੰ ਅਕਤੂਬਰ 1582 ਈ: ਵਿੱਚ ਹੀ ਪ੍ਰਵਾਨ ਕਰ ਲਿਆ ਹੁੰਦਾ ਤਾਂ ਇਹ 21 ਨਵੰਬਰ 1675 ਈ: (ਗ੍ਰੈਗੋਰੀਅਨ) ਲਿਖੀ ਜਾਣੀ ਸੀ।

ਹੁਣ ਜੇ ਇਹ ਦਿਹਾੜਾ ਹਿਜ਼ਰੀ ਕੈਲੰਡਰ (ਚੰਦ ਦਾ ਸ਼ੁਧ ਕੈਲੰਡਰ) ਮੁਤਾਬਕ ਮਨਾਇਆ ਜਾਵੇ ਤਾਂ 350 ਸਾਲਾਂ ਸ਼ਤਾਬਦੀ 3 ਰਮਜਾਨ 1436 ਹਿਜਰੀ ਭਾਵ 21 ਜੂਨ 2015 ਈ: ਬਣਦੀ ਸੀ। 21 ਜੂਨ 2015 ਈ: ਤੋਂ 25 ਨਵੰਬਰ 2025 ਤੱਕ ਲੈ ਕੇ ਆਉਣ ਲਈ, ਚੰਦ ਦੇ ਕੈਲੰਡਰ ਨੂੰ ਸੂਰਜੀ ਕੈਲੰਡਰ ਦੇ ਨੇੜੇ ਤੇੜੇ ਕਰਨ ਲਈ, ਚੰਦ ਦੇ ਕੈਲੰਡਰ ਨਾਲ ਖਿੱਚ-ਧੂਹ (ਮਲ ਮਾਸ ਅਤੇ ਕਸ਼ੈ ਮਾਸ) ਕੀਤੀ ਗਈ ਹੈ।

ਅੱਜ, ਸਿੱਖ ਕੌਮ ਸਾਰੀ ਦੁਨੀਆਂ ਦੇ ਕੋਨੇ-ਕੋਨੇ ਵਿੱਚ ਫੈਲ ਚੁੱਕੀ ਹੈ। ਵਿਦੇਸ਼ੀ ਸਰਕਾਰਾਂ ਸਾਰੇ ਧਰਮਾਂ ਦੇ ਇਤਿਹਾਸਕ ਦਿਹਾੜਿਆਂ ਨੂੰ ਆਪਣੀਆਂ ਛੁੱਟੀਆਂ ਦੀ ਸੂਚੀ ਵਿੱਚ ਸ਼ਾਮਿਲ ਕਰ ਰਹੀਆਂ ਹਨ। ਇਸ ਲਈ ਸਾਨੂੰ ਵੀ ਸਮੇਂ ਦੇ ਹਾਣੀ ਬਣਨਾ ਚਾਹੀਦਾ ਹੈ। 354 ਦਿਨਾਂ (ਤੀਜੇ-ਚੌਥੇ ਸਾਲ 384 ਦਿਨ) ਵਾਲੇ ਕੈਲੰਡਰੀ ਸਾਲ ਨੂੰ ਛੱਡ ਕੇ ਗੁਰਬਾਣੀ ਅਧਾਰਿਤ, (ਰਥੁ ਫਿਰੈ ਛਾਇਆ ਧਨ ਤਾਕੈ) ਰੁੱਤੀ ਸਾਲ (365.242196 ਦਿਨ) ਅਪਨਾਉਣਾ ਚਾਹੀਦੀ ਹੈ। ਹੁਣ ਜਦੋਂ ਅਸੀਂ ਇਹ ਦਿਹਾੜਾ ਮੱਘਰ ਸੁਦੀ ੫ ਦੀ ਬਜਾਏ, ਹਰ ਸਾਲ ੧੧ ਮੱਘਰ ਨੂੰ ਮਨਾਵਾਂਗੇ, ਤਾਂ ਹਰ ਸਾਲ ਇਹ ਦਿਹਾੜਾ 365 ਦਿਨਾਂ ਪਿਛੋਂ, 11 ਮੱਘਰ ਨੂੰ ਹੀ ਆਵੇਗਾ।

ਅੱਜ ਦਾ ਸਵਾਲ:- ਜੇ ਅਸੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ, ਹਰ ਸਾਲ ਨਾਨਕਸ਼ਾਹੀ ਕੈਲੰਡਰ ਮੁਤਾਬਕ ੧੧ ਮੱਘਰ (24 ਨਵੰਬਰ) ਨੂੰ ਮਨਾਉਂਦੇ ਹਾਂ ਤਾਂ ਗੁਰਮਿਤ ਅਤੇ ਇਤਿਹਾਸ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ?

## ਦਿੱਲੀ ਧਮਾਕੇ ਦੀ ਜਾਂਚ ਐਨ. ਆਈ. ਏ. ਨੂੰ ਸੌਂਪੀ

ਨਵੀਂ ਦਿੱਲੀ-ਅਧਿਕਾਰੀਆਂ ਨੇ ਕਿਹਾ ਕਿ ਲਾਲ ਕਿਲ੍ਹੇ ਨੇੜੇ ਧਮਾਕੇ ਦੀ ਜਾਂਚ ਰਾਸ਼ਟਰੀ ਜਾਂਚ ਏਜੰਸੀ ਨੂੰ ਸੌਂਪ ਦਿੱਤੀ ਗਈ ਹੈ।ਉਧਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਥਿਤੀ ਦਾ ਮੁਲਾਂਕਣ ਕਰਨ ਲਈ ਇੱਕ ਹੋਰ ਉੱਚ-ਪੱਧਰੀ ਸੁਰੱਖਿਆ ਸਮੀਖਿਆ ਮੀਟਿੰਗ ਸੱਦੀ ਹੈ। ਦਿੱਲੀ ਪੁਲੀਸ ਨੇ ਮੰਗਲਵਾਰ ਨੂੰ ਲਾਲ ਕਿਲ੍ਹੇ ਨੇੜੇ ਹੋਏ ਧਮਾਕੇ ਦੇ ਮਾਮਲੇ ਵਿਚ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ ਤੇ ਵਿਸਫੋਟਕ ਐਕਟ ਤਹਿਤ ਐਫਆਈਆਰ ਦਰਜ ਕੀਤੀ ਹੈ। ਪੁਲੀਸ ਨੇ ਕੌਮੀ ਰਾਜਧਾਨੀ ਵਿੱਚ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ ਕਿਉਂਕਿ ਮੁੱਢਲੀ ਜਾਂਚ ਵਿਚ ਧਮਾਕੇ ਦੇ ਤਾਰ ਫਰੀਦਾਬਾਦ 'ਚ ਸਾਹਮਣੇ ਆਏ ਅਤਿਵਾਦੀ ਮੌਡਿਊਲ ਨਾਲ ਜੁੜੇ ਹੋਣ ਦਾ ਸੰਕੇਤ ਮਿਲਿਆ ਹੈ। ਧਮਾਕੇ ਵਿਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 12 ਹੋ ਗਈ ਹੈ। ਕੌਮੀ ਰਾਜਧਾਨੀ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਹਵਾਈ ਅੱਡੇ, ਰੇਲਵੇ ਸਟੇਸ਼ਨਾਂ ਅਤੇ ਬੱਸ ਟਰਮੀਨਲਾਂ 'ਤੇ ਸਖ਼ਤ ਨਿਗਰਾਨੀ ਰੱਖੀ ਜਾ ਰਹੀ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਧਮਾਕੇ ਦੇ ਸਾਜ਼ਿਸ਼ਘਾੜਿਆਂ ਨੂੰ ਨਹੀਂ ਬਖ਼ਸ਼ਿਆ ਜਾਵੇਗਾ ਤੇ ਉਨ੍ਹਾਂ ਨੂੰ ਨਿਆਂ ਦੇ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇਗਾ।


ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ
ਅਤੇ ਵਿਦੇਸ਼ ਵਿੱਚ ਬੈਠਿਆਂ ਹੀ ਉਸਦਾ ਹੱਲ ਲੱਭਣਾ ਹੋਵੇ
ਜਾਂ ਇੰਡੀਆ ਵਿੱਚ ਆਪਣੀ ਜ਼ਮੀਨ ਵੇਚਣੀ ਹੋਵੇ ਤਾਂ
ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ: ਕਨੇਡਾ:604-518-3637(ਵਟਸਐਪ)
ਇੰਡੀਆ:91-81467-00026(ਵਟਸਐਪ)
ਜਾਂ ਈਮੇਲ ਕਰੋ hssandhupcs@gmail.com




ਪੰਜਾਬ ਗਾਰਡੀਅਨ ਨਾਲ ਐਡ ਪਾਓ ਅਤੇ ਆਪਣਾ ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise
604-590-5200



FOR ALL DENTAL NEEDS
Of Your Family & Friends

Dr. Inderpreet Sandhu
DDS
CLOVERDALE VILLAGE
DENTAL
Services Provided
· Dental Exams/X-rays · Extractions/Oral Surgery · Cleaning & Polishing · Root Canal Treatment
· Dentures & Mouth Guards · Dental Fillings · Teeth Whitening · Crowns & Bridges
Ph:604-579-0102
5635 - 176A Street, Surrey, BC (across the street from Cloverdale Library)
Cloverdalevillagedental@gmail.com

## Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

**Jashan Multani**

**206-243-4219**



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum
  U-Visa, Vawa,
- SIJ Guardianship Cases
- Car Accidents/Personal Injury
- Evictions

**ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ**

-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ,
ਯੂ-ਵੀਜਾ, ਵਾਅਵਾ,
-SIJ ਗਾਰਡੀਅਨਸ਼ਿਪ ਕੇਸ
-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
-ਕਿਰਾਏਦਾਰ ਕੱਢਣਾ

**Website:multanilawgroup.com**

**Email:Jashan@multanilawgroup.com**

***Add: 512 West Meeker St, Kent, WA 98032***



ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆਂ ਤੇ ਭਰੋਸੇਮੰਦ
USA TRAVEL
FLY from Seattle to India
We Represent All Major Airlines
TURKISH AIRLINES
QATAR AIRWAYS القطرية
DELTA
Emirates
Lufthansa
Lowest Fare Guaranteed
We will beat any fare given in Kent/Seattle Area by Any Travel Agency
24 Hr Emergency
Call Amit Juneja: 206-992-2724
India Special FARES
USA Travel Services is your one-stop shop for all of your travel needs.
Now 2 Locations To Serve You
23609 104th Ave SE #101, Kent WA 98031
Ph: 253-867-0450 | 253-867-0451
1729 208th St Suite #202, Bothell WA 98012
Ph: 425-420-1888 | 425-420-1889
Email: info@usatravelguru.com
Website: www.usatravelguru.com
• Power of Attorney,
• Affidavits, Passports,
• Renunciations
• OCI • Notary Public •
• Translation - Hindi / Punjabi
• Uk & India Online Visa Available
• ਮੁਖਤਿਆਰਨਾਮਾ,
• ਐਫੀਡੈਵਿਟ, ਪਾਸਪੋਰਟ,
• ਓ.ਸੀ.ਆਈ.
• ਨੋਟਰੀ ਪਬਲਿਕ
• ਪੰਜਾਬੀ ਇੰਗਲਿਸ਼ ਦੀ ਟ੍ਰਾਂਸਲੇਸ਼ਨ
• ਇੰਡੀਆ ਦਾ ਵੀਜ਼ਾ
ਅਤੇ ਪਾਸਪੋਰਟ ਬਣਵਾਉ





OPEN 6 DAYS A WEEK, TUESDAY CLOSED

OPENING HOURS
Lunch hours from 11am -2:30pm
Dinner Hours from 5pm-9pm, Last Seating is 8:30pm


The Only True Punjabi (Indian) Vegetarian In Renton

← New Pabla Ready To Eat Frozen Cuisine Available →

Renton Location has Full Grocery Store & Sweet Shop
East Indian Spices, Dairy Products,



ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ



ਪਾਬਲਾ ਇੰਡੀਅਨ ਕੁਜ਼ੀਨ ਦੀ ਰੈਂਟਨ ਵਾਲੀ ਲੋਕੇਸ਼ਨ ਤੋਂ ਤੁਸੀਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ, ਮਿਠਾਈ, ਇੰਡੀਅਨ ਮਸਾਲੇ ਡੇਅਰੀ ਲੈ ਸਕਦੇ ਹੋ।

# Pabla Indian Cuisine

Phone: 425-228-4625 Fax: 425-228-4629

Serving Washington for 27 years.

www.pablacuisine.com

pablacuisine@gmail.com



# PABLA PUNJABI PALACE


2nd Location Now Open in Federal Way, WA

2020 S 314th St, Federal Way, WA 98003 (Hillside Plaza)

• Marriage Parties •Birthday Parties •Mehndi Parties • Business Meetings •Any Kind Of Functions

Specials: Take out 7 Days a week
DJ, Dance Floor, Catering for
All Occasions, Big TV Screens & Family Atmosphere

Seating for 1200 people



ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੌਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ

For booking your event Please call Jas pabla At
Ph: 206-769-5559 Email: pablajas@yahoo.com



# PIZZA STATION

15300 33rd Ave S. Suite130, Seatac WA

10% Off All Orders

ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜ਼ੇ ਦੇ ਨਾਲ-ਨਾਲ ਭਾਰਤੀ ਗਰੌਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।



PH:206-644-4133

Sun to Thurs: 10 am-10 pm
Fri/Sat: 10 am to 11pm
Email:info@pizzastationwa.com



# Space Available for your Ad

ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ




ਪੰਜਾਬ ਗਾਰਡੀਅਨ
PUNJAB GUARDIAN
www.punjabguardian.com

Call to Advertise 604-590-5200



# Boulevard Market



ਇੰਡੀਅਨ ਗਰੌਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੌਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।

Opening Hours: 9 am to 9 pm (7Days Week)

PH:206-644-4010



# TEAM ARMY

## REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

## MORTGAGE

Specialties:Loan Specialist
Many Financing Options Available
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ

Maj Parminder (Pari) Mann
Ex Indian Army
SKYLINE PROPERTIES, INC
Cell:425-499-9704
email:parimann@gmail.com





Col Navtej Nijjar
NMLS 1484258
LA Financial Services
Cell:206-334-4035
email:nijjar.n@gmail.com

AUBURN'S MAIN SUPERMARKET
INDIAN GROCERIES-LIQUOR-WINE
1119E Main St. Auburn, WA 98002
Store hours: Mon-Sat: 8:00 AM - 10:00 PM Sun: 8:00 AM - 9:00 PM
Lowest Prices in Town WIDE VARIETY OF FROZEN FOOD
When you spend $50 or more,get 5% discount
When you spend $100 or more,get 10% discount Discount only apply to Indian Grocery
Apple Farm Paneer $3.99/LB




FREE PANI-PURI FRI-SUN (12PM 5PM) ONLY 4 Pani Puri/CUSTOMER
ALL KINDS OF HOUSEHOLD UTENSILS (BARTAN) AVAILABLE
BLANKETS ARE ALSO AVAILABILE IN KING, QUEEN, TWIN SIZES
Fresh SugarCane Juice Everyday
Ph:253-249-7430, Cell:253-205-9981
www.auburnsmainsupermarket.com *All prices are marked down



Space Available for your Ad
ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ



ਪੰਜਾਬ ਗਾਰਡੀਅਨ PUNJAB GUARDIAN
Call to Advertise 604-590-5200



WEST CAPITAL LENDING
YOUR PREFFERRED LOCAL LENDER
• ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
• ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
• ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾ ਤੇ ਹੋਰ ਛੋਟੇ ਬਿਜ਼ਨਸਾਂ ਲਈ ਵੀ ਅਸੀਂ ਮੋਰਗੇਜ਼ ਦਾ ਪ੍ਰਬੰਧ ਕਰਦੇ ਹਾਂ
-CONVENTIONAL -FHA -VA Loans -30YR/15YR/10YR FIXED -DSCR -P&L -30 DAY SOFR ARM -1099 PROGRAM -7/6 SOFR ARMS -LOT/CUSTOM CONSTRUCTION LOAN AVAILABLE -24/12 BANK STATEMENT LOANS
ਮੋਰਗੇਜ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ
ਘੱਟ ਰੇਟਾਂ ਦੀ ਗਰੰਟੀ
KESSHAV SHARMA
BRANCH MANAGER
Call/text (425) 239-4517
ksharma@westcapitallending.com
westcapitallending.com
NMLS# 2468293 I NMLS# 1566096 I DRE# 02022356
24 Executive Park, Ste 250 Irvine, CA 92614



HG TAX AND ACCOUNTING
25228 104th AVE SE Suite 103 Kent, WA 98030
IT'S TIME TO SAVE ON YOUR TAXES
OPEN M-F: 10 AM to 6 PM
SAT: 11 AM to 4 PM
SUN: By Appointment
Harpreet Singh, J.D. (253) 202-4516



JAG'S PIZZA
ਇੰਡੀਅਨ ਸਟਾਈਲ ਪੀਜ਼ਾ ਮੈਰਿਸਵੈੱਲ ਵਿਚ
ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ, ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ, ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜੇ ਬਣਾਏ ਜਾਂਦੇ ਹਨ
PH:360-386-9508
5830 B, Grove St, Marysville, WA
(Inside Shell Gas Station Plaza)
www.jagspizza.com
OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM



Ready to grow your business?
Count on us for solutions.
Gifty Singh
Bellevue
400 112th Ave NE
206–909–5226
BANNER BANK
bannerbank.com Member FDIC



LANCER TRUCKING LLC
21307-116TH AVE SE, KENT, WA 98031-2206
Running all across United States



Privately owned transportation company that specialized in truckload, less than truckload (LTL) and expedited service with the most competitive rates, quality service. Let us handle your load.
Ph:206-849-1313



ਵਾਸ਼ਿੰਗਟਨ ਦਾ ਸਭ ਤੋਂ ਵੱਡਾ ਇੰਡੀਅਨ ਗਰੌਸਰੀ ਸਟੋਰ
ਇਥੋਂ ਤੁਸੀਂ ਹਰ ਤਰ੍ਹਾਂ ਦੀ ਇੰਡੀਅਨ, ਨੇਪਾਲੀ, ਫਿਜੀ, ਮਿਡਲ ਈਸਟਰਨ, ਏਸ਼ੀਅਨ ਗਰੌਸਰੀ ਲੈ ਸਕਦੇ ਹੋ
GROCERY SINGH
SAT SRI AKAL
LIQUOR - WINE
BEER AVAILABLE



ਇੱਥੇ ਫਰੈੱਸ਼ ਪ੍ਰੋਡਿਊਸ, ਮੀਟ, ਮਠਿਆਈਆਂ ਤੇ ਹੋਰ ਬਹੁਤ ਕੁਝ ਉਪਲਬਧ ਹੈ
We Accept EBT Benefits SNAP
Now HIRING
ਸਾਨੂੰ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ
1825 BROADWAY, EVERETT WA 98201
425-374-7550 / 206-786-0870